# ਸਭ ਤੋਂ ਮਹੱਤਵਪੂਰਨ ਨਿਯਮ ਅਤੇ ਸ਼ਰਤਾਂ

ਏਯੂ ਸਮਾਲ ਫਾਈਨੈਂਸ ਬੈਂਕ ਲਿਮਟਿਡ ਨਾਲ ਸਬੰਧਿਤ ਸਭ ਤੋਂ
ਮਹੱਤਵਪੂਰਨ ਨਿਯਮ ਅਤੇ ਸ਼ਰਤਾਂ
ਨਿਯਮ ਅਤੇ ਸ਼ਰਤਾਂ ਦਾ ਪੂਰਾ ਸੰਸਕਰਨ ਹਾਸਲ ਕਰਨ ਵਾਸਤੇ ਕਿਰਪਾ ਕਰ ਕੇ ਸਾਡੀ ਵੈਬਸਾਈਟ
www.aubank 'ਤੇ ਜਾਓ ਜਾਂ ਫਿਰ ਤੁਸੀਂ ਇਸ ਨੂੰ ਨੇੜਲੀ ਸ਼ਾਖਾ ਤੋਂ ਹਾਸਲ ਕਰ ਸਕਦੇ ਹੋ।

## ਬੱਚਤ ਖਾਤੇ

1. ਇਹ ਖਾਤੇ ਪਾਤਰ ਵਿਅਕਤੀ(ਵਿਅਕਤੀਆਂ) ਅਤੇ ਕੁਝ ਸੰਗਠਨਾਂ/ਏਜੰਸੀਆਂ ਦੁਆਰਾ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੁਆਰਾ ਨਿਰਧਾਰਿਤ ਕੇਵਾਈਸੀ ਮਾਨਦੰਡਾਂ ਅਨੁਸਾਰ ਖੋਲ੍ਹੇ ਜਾ ਸਕਦੇ ਹਨ।

2. ਪੈਨ ਨਾ ਹੋਣ 'ਤੇ ਬੱਚਤ ਖਾਤਾ ਖੋਲਦੇ ਸਮੇਂ ਗਾਹਕਾਂ ਨੂੰ ਫਾਰਮ 60 ਜਮਾਂ ਕਰਨਾ ਪਵੇਗਾ।

3. ਮੌਜੂਦਾ ਸਮੇਂ ਵਿੱਚ ਬੱਚਤ ਖਾਤਿਆਂ 'ਤੇ ਵਿਆਜ ਰੋਜ਼ਾਨਾ ਸਮਾਪਤੀ ਬੈਲੇਂਸ ਦੇ ਆਧਾਰ 'ਤੇ ਮਹੀਨਾਵਾਰੀ ਰੂਪ ਵਿੱਚ ਦਿੱਤਾ ਜਾਂਦਾ ਹੈ, ਬਸ਼ਰਤੇ ਕਿ ਇਹ ਨਿਊਨਤਮ 1/- ਰੁਪਏ ਤੱਕ ਹੋਵੇ। ਵਿਆਜ ਨੂੰ ਨੇੜਲੇ ਰੂਪ ਵਿੱਚ ਰਾਊਂਡਡ ਔਫ ਕਰ ਦਿੱਤਾ ਜਾਵੇਗਾ।

4. ਅਨਿਵਾਸੀ ਗਾਹਕਾਂ ਦੁਆਰਾ ਰੱਖੇ ਗਏ ਐਨਆਰਓ ਖਾਤਿਆਂ 'ਤੇ ਵਿਆਜ ਆਮਦਨ ਕਰ ਐਕਟ, 1961 ਦੀਆਂ ਤਜ਼ਵੀਜ਼ਾਂ ਦੇ ਅਨੁਸਾਰ ਕਰ ਕਟੌਤੀ ਲਈ ਉੱਤਰਦਾਈ ਹੋਵੇਗਾ। ਬੈਂਕ ਕੱਟੇ ਗਏ ਕਰ ਦੀ ਰਾਸ਼ੀ ਲਈ ਕਰ ਸਟੌਤੀ ਸੈਰਟੀਫਿਕੇਟ (ਟੀਡੀਐਸ ਸੈਰਟੀਫਿਕੇਟ) ਜਾਰੀ ਕਰੇਗਾ।

5. ਮੈਂ ਸਹਿਮਤ ਹਾਂ ਕਿ ਮੈਂ ਖਾਤਾ ਖੋਲਦੇ ਸਮੇਂ ਬੈਂਕ ਦੇ ਕਿਸੇ ਵੀ ਸੇਲਜ਼ ਨੁਮਾਇੰਦੇ ਨੂੰ 10,000 ਰੁਪਏ ਤੋਂ ਵੱਧ ਦੀ ਰਾਸ਼ੀ ਦਾ ਭੁਗਤਾਨ ਨਹੀਂ ਕਰਾਂਗਾ/ਕਰਾਂਗੀ ਅਤੇ ਵਪਾਰ ਦੇ ਆਮ ਕ੍ਰਮ ਵਿੱਚ ਕਿਸੇ ਵੀ ਲੈਣ-ਦੇਣ ਲਈ ਕੋਈ ਰਾਸ਼ੀ ਨਹੀਂ ਦੇਵਾਂਗਾ/ਦੇਵਾਂਗੀ। ਲੈਣ-ਦੇਣ ਲਈ ਮੈਂ ਸਿਰਫ ਸ਼ਾਖਾ ਹਦੂਦ ਵਿੱਚ ਬੈਂਕ ਦੇ ਟੈਲਰ ਕਾਊਂਟਰ 'ਤੇ ਹੀ ਨਕਦ ਜਮਾਂ ਕਰਨ ਲਈ ਸਹਿਮਤ ਹਾਂ। ਖਾਤਾ ਖੋਲਣ ਲਈ ਵੀ ਮੈਂ, ਸੇਲਜ਼ ਨੁਮਾਇੰਦੇ ਨੂੰ ਮੁੱਢਲੀ ਰਾਸ਼ੀ ਦਾ ਭੁਗਤਾਨ ਰੋਜ਼ਗਾਰ ਅਤੇ ਪ੍ਰਾਪਤੀ ਦੀ ਉੱਚਿਤ ਜਾਂਚ ਤੋਂ ਬਾਅਦ ਹੀ ਕਰਾਂਗਾ/ਕਰਾਂਗੀ।

6. ਤਨਖਾਹ ਖਾਤਾ

ਏ) ਤਨਖਾਹ ਕਰੈਡਿਟ ਦਾ ਰਿਵਰਸਲ: ਮੈਂ ਇੱਥੇ ਬੈਂਕ ਨੂੰ ਗੈਰ-ਬਦਲਾਵਯੋਗ ਰੂਪ ਵਿੱਚ ਅਤੇ ਬਿਨਾਂ ਸ਼ਰਤ ਅਧਿਕਾਰਤ ਕਰਦਾ/ਕਰਦੀ ਹਾਂ ਕਿ ਉਹ ਮੇਰੇ ਰੋਜ਼ਗਾਰਦਾਤਾ/ਕੰਪਨੀ ਦੀ ਅਪੀਲ 'ਤੇ, ਰੋਜ਼ਗਾਰਦਾਤਾ/ਕੰਪਨੀ ਦੁਆਰਾ ਅਤੇ/ਜਾਂ ਉਹਨਾਂ ਦੇ ਨਿਰਦੇਸ਼ 'ਤੇ ਮੇਰੇ ਖਾਤੇ ਵਿੱਚ ਜਮਾਂ ਕੀਤੀ ਗਈ ਕਿਸੇ ਵੀ ਵਾਧੂ ਰਾਸ਼ੀ ਨੂੰ ਰੋਕੇ ਹੋਏ ਧੰਨ/ਡੈਬਿਟ/ਕਰੈਡਿਟ ਦੀ ਰਿਵਰਸਲ ਦੁਆਰਾ ਮੈਨੂੰ ਸੂਚਿਤ ਕਰਦੇ ਹੋਏ ਵਸੂਲ ਕਰੇ। ਬੈਂਕ ਦੁਆਰਾ ਕੀਤੀ ਗਈ ਅਜਿਹੀ ਕਿਸੇ ਵੀ ਰੋਕੇ ਹੋਏ ਧੰਨ/ਡੈਬਿਟ/ਕਰੈਡਿਟ ਦੀ ਰਿਵਰਸਲ ਲਈ ਬੈਂਕ ਜ਼ਿੰਮੇਦਾਰ ਅਤੇ ਉੱਤਰਦਾਈ ਨਹੀਂ ਹੋਵੇਗਾ।

ਬੀ) ਮੈਂ ਇਹ ਸਵੀਕਾਰ ਕਰਦਾ/ਕਰਦੀ ਹਾਂ ਕਿ ਰੋਜ਼ਗਾਰਦਾਤਾ/ਕੰਪਨੀ ਵਿੱਚ ਮੇਰੀ ਨੌਕਰੀ ਦੇ ਕਾਰਨ ਬੈਂਕ ਵਿੱਚ ਮੇਰਾ ਖਾਤਾ ਖੋਲਿਆ ਗਿਆ ਹੈ ਅਤੇ ਇਸ ਨੂੰ "ਤਨਖਾਹ ਖਾਤੇ" ਦੇ ਰੂਪ ਵਿੱਚ ਨਾਮਜ਼ਦ ਕੀਤਾ ਗਿਆ ਹੈ। ਮੈਂ ਇਹ ਸਮਝਦਾ/ਸਮਝਦੀ ਹਾਂ ਕਿ ਰੋਜ਼ਗਾਰਦਾਤਾ/ਕੰਪਨੀ ਅਤੇ ਬੈਂਕ ਵਿਚਾਲੇ ਹੋਏ ਸਮਝੌਤੇ ਦੇ ਅਨੁਸਾਰ, ਬੈਂਕ ਦੇ ਪੂਰਨ ਵਿਵੇਕਅਧਿਕਾਰ ਵਿੱਚ, ਮੈਂ ਤਨਖਾਹ ਖਾਤੇ 'ਤੇ ਕੁਝ ਸਹੂਲਤਾਂ ਦਾ ਹੱਕਦਾਰ ਸਿਰਫ ਰੋਜ਼ਗਾਰਦਾਤਾ/ਕੰਪਨੀ ਵਿੱਚ ਮੇਰੀ ਨੌਕਰੀ ਦੀ ਮਿਆਦ ਦੇ ਦੌਰਾਨ ਜਾਂ ਫਿਰ

ਰੋਜ਼ਗਾਰਦਾਤਾ/ਕੰਪਨੀ ਅਤੇ ਬੈਂਕ ਵਿਚਾਲੇ ਹੋਏ ਸਮਝੌਤੇ ਦੇ ਜਾਰੀ ਰਹਿਣ ਤੱਕ ਹੀ ਹੋ ਸਕਦਾ/ਸਕਦੀ ਹਾਂ। ਰੋਜ਼ਗਾਰਦਾਤਾ/ਕੰਪਨੀ ਨਾਲ ਆਪਣੀਆਂ ਸੇਵਾਵਾਂ ਸਮਾਪਤ ਕਰਨ ’ਤੇ ਮੈਂ ਬੈਂਕ ਨੂੰ ਸੂਚਿਤ ਕਰਾਂਗਾ/ਕਰਾਂਗੀ। "ਰੋਜ਼ਗਾਰਦਾਤਾ/ਕੰਪਨੀ" ਸ਼ਬਦ ਉਸ ਕੰਪਨੀ ਦਾ ਹਵਾਲਾ ਦਿੰਦਾ ਹੈ ਜਿਸ ਵਿੱਚ ਕਿ ਮੈਂ ਕੰਮ ਕਰਦਾ ਹਾਂ ਅਤੇ ਜਿਸ ਦੀ ਅਪੀਲ ’ਤੇ ਬੈਂਕ ਵਿੱਚ ਖਾਤਾ ਖੋਲਿਆ ਗਿਆ ਹੈ।

ਸੀ) ਮੈਂ ਇਹ ਸਮਝਦਾ/ਸਮਝਦੀ ਹਾਂ ਅਤੇ ਇਹ ਸਵੀਕਾਰ ਕਰਦਾ/ਕਰਦੀ ਹਾਂ ਕਿ ਤਨਖਾਹ ਖਾਤੇ ’ਤੇ ਦਿੱਤੀਆਂ ਜਾਣ ਵਾਲੀਆਂ ਵਿਸ਼ੇਸ਼ ਸਹੂਲਤਾਂ ਰੋਜ਼ਗਾਰਦਾਤਾ/ਕੰਪਨੀ ਅਤੇ ਬੈਂਕ ਵਿਚਾਲੇ ਨਿਯਮਤ ਰੂਪ ਵਿੱਚ ਤਨਖਾਹ ਜਮਾਂ ਕਰਨ ਦੇ ਸਮਝੌਤੇ ’ਤੇ ਆਧਾਰਿਤ ਹਨ।

ਡੀ) ਮੈਂ ਇਹ ਸਮਝਦਾ/ਸਮਝਦੀ ਹਾਂ ਅਤੇ ਇਹ ਸਵੀਕਾਰ ਕਰਦਾ/ਕਰਦੀ ਹਾਂ ਕਿ ਰੋਜ਼ਗਾਰਦਾਤਾ/ਕੰਪਨੀ ਦੁਆਰਾ ਪ੍ਰਦਾਨ ਕੀਤੇ ਗਏ ਸਬੰਧਿਤ ਖਾਤਿਆਂ ਵਿੱਚ ਤਨਖਾਹ ਜਮਾਂ ਕਰਨ ਤੋਂ ਪਹਿਲਾਂ ਖਾਤਾਧਾਰਕ ਦਾ ਨਾਮ ਖਾਤਾ ਸੰਖਿਆ ਨਾਲ ਮੇਲ ਨਹੀਂ ਖਾਂਦਾ ਹੈ।

ਈ) ਮੈਂ ਇਹ ਸਮਝਦਾ/ਸਮਝਦੀ ਹਾਂ ਅਤੇ ਇਹ ਸਵੀਕਾਰ ਕਰਦਾ/ਕਰਦੀ ਹਾਂ ਕਿ ਤਨਖਾਹ ਜਮਾਂ ਕਰਨ ਵਾਸਤੇ ਸਹੀ ਖਾਤਾ ਸੰਖਿਆ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਪੂਰੀ ਤਰਾਂ ਨਾਲ ਮੇਰੇ ਰੋਜ਼ਗਾਰਦਾਤਾ/ਕੰਪਨੀ ਦੀ ਹੋਵੇਗੀ ਅਤੇ ਮੈਂ ਆਪਣੇ ਰੋਜ਼ਗਾਰਦਾਤਾ/ਕੰਪਨੀ ਦੁਆਰਾ ਪ੍ਰਦਾਨ ਕੀਤੀ ਗਈ ਅਜਿਹੀ ਗਲਤ ਖਾਤਾ ਸੰਖਿਆ ਕਾਰਨ ਹੋਣ ਵਾਲੇ ਅਜਿਹੇ ਕਿਸੇ ਵੀ ਗਲਤ ਜਮਾਂ ਲਈ ਬੈਂਕ ਨੂੰ ਜ਼ਿੰਮੇਵਾਰ ਨਹੀਂ ਠਹਿਰਾਵਾਂਗਾ/ ਠਹਿਰਾਵਾਂਗੀ।

ਐਫ) ਮੈਂ ਇੱਥੇ ਇਹ ਸਹਿਮਤੀ ਦਿੰਦਾ ਹਾਂ ਕਿ ਮੇਰੇ ਏਯੂ ਤਨਖਾਹ ਖਾਤੇ ਵਿੱਚ ਲਗਾਤਾਰ ਤਿੰਨ ਮਹੀਨਿਆਂ ਤੱਕ ਕੋਈ ਤਨਖਾਹ ਜਮਾਂ ਨਾ ਹੋਣ ਦੀ ਸਥਿਤੀ ਵਿੱਚ ਬੈਂਕ ਬਗੈਰ ਕਿਸੇ ਪੂਰਵ ਸੂਚਨਾ ਦੇ ਏਯੂ ਤਨਖਾਹ ਖਾਤੇ ਦੀ ਸਥਿਤੀ ਨੂੰ ਏਯੂ ਬੱਚਤ ਖਾਤਾ-ਵੈਲਿਊ ਵਿੱਚ ਬਦਲਣ ਦਾ ਅਧਿਕਾਰ ਸੁਰੱਖਿਅਤ ਰੱਖਦਾ ਹੈ। ਏਯੂ ਬੱਚਤ ਖਾਤਾ-ਵੈਲਿਊ ’ਤੇ ਲਾਗੂ ਨਿਯਮ ਅਤੇ ਸ਼ਰਤਾਂ ਸਥਿਤੀ ਵਿੱਚ ਬਦਲਾਵ ਦੀ ਤਾਰੀਕ ਤੋਂ ਇਸ ਖਾਤੇ ’ਤੇ ਲਾਗੂ ਹੋਣਗੀਆਂ। ਏਯੂ ਬੱਚਤ ਖਾਤਾ-ਵੈਲਿਊ ਦੇ ਨਿਯਮ ਅਤੇ ਸ਼ਰਤਾਂ ਅਤੇ ਵਿਸ਼ੇਸ਼ਤਾਵਾਂ ਬੈਂਕ ਦੀ ਵੈਬਸਾਈਟ ’ਤੇ ਉਪਲੱਬਧ ਹਨ।

ਜੀ) ਮੈਂ ਇਸ ਗੱਲ ਨਾਲ ਵੀ ਸਹਿਮਤ ਹਾਂ ਕਿ ਬੈਂਕ ਆਪਣੇ ਪੂਰਨ ਵਿਵੇਕ ’ਤੇ ਏਯੂ ਤਨਖਾਹ ਖਾਤੇ ਨੂੰ ਬੰਦ ਕਰ ਸਕਦਾ ਹੈ ਜੇਕਰ ਇਹ ਪਾਇਆ ਜਾਂਦਾ ਹੈ ਕਿ ਖਾਤੇ ਵਿੱਚ ਕੋਈ ਤਨਖਾਹ ਜਾਂ ਰਾਸ਼ੀ ਜਮਾਂ ਨਹੀਂ ਕੀਤੀ ਜਾ ਰਹੀ ਹੈ ਅਤੇ/ਜਾਂ ਮੇਰੇ ਰੋਜ਼ਗਾਰਦਾਤਾ/ਕੰਪਨੀ ਦੇ ਨਿਰਦੇਸ਼ ’ਤੇ ਅਤੇ/ਜਾਂ ਮੇਰੇ ਰੋਜ਼ਗਾਰਦਾਤਾ/ਕੰਪਨੀ ਦੇ ਨਿਰਦੇਸ਼ ’ਤੇ ਨਿਯਮਤ ਆਧਾਰ ’ਤੇ ਅਤੇ ਜੇਕਰ ਮੈਂ ਕਿਸੇ ਵੀ ਕਾਰਨ ਕਰ ਕੇ ਰੋਜ਼ਗਾਰਦਾਤਾ/ਕੰਪਨੀ ਦੀ ਸੇਵਾ ਵਿੱਚ ਨਹੀਂ ਰਹਿ ਜਾਂਦਾ ਹਾਂ, ਤਾਂ ਮੈਨੂੰ 15 ਦਿਨਾਂ ਦਾ ਨੋਟਿਸ ਦੇਣ ਤੋਂ ਬਾਅਦ।

ਐਚ) ਮੈਂ ਇਸ ਨਾਲ ਸਹਿਮਤ ਹਾਂ ਕਿ ਜੇਕਰ ਮੇਰਾ ਰੋਜ਼ਗਾਰਦਾਤਾ ਏਯੂ ਸਮਾਲ ਫਾਈਨੈਂਸ ਬੈਂਕ ਨੂੰ ਮੇਰੇ ਤਨਖਾਹ ਖਾਤੇ ਵਿੱਚ ਜਮਾਂ ਕੀਤੀ ਗਈ ਕਿਸੇ ਵੀ ਰਾਸ਼ੀ ਨੂੰ ਜਮਾਂ ਦੀ ਤਾਰੀਖ ਤੋਂ ਤਿੰਨ (3) ਕੰਮਕਾਜੀ ਦਿਨਾਂ ਦੇ ਅੰਦਰ ਵਾਪਸ ਕਰਨ ਦਾ ਨਿਰਦੇਸ਼ ਦਿੰਦਾ ਹੈ, ਤਾਂ ਏਯੂ ਸਮਾਲ ਫਾਈਨੈਂਸ ਬੈਂਕ ਉਸ ਨਿਰਦੇਸ਼ ’ਤੇ ਅਮਲ ਕਰੇਗਾ ਅਤੇ ਮੈਂ ਗਾਹਕ ਦੇ ਖਾਤੇ ਵਿੱਚ ਅਜਿਹੀ ਕਿਸੇ ਵੀ ਰਾਸ਼ੀ ਲਈ ਨਾ ਤਾਂ ਬੈਂਕ ਨੂੰ ਚੁਣੌਤੀ ਦੇਵਾਂਗਾ ਅਤੇ ਨਾ ਹੀ ਜ਼ਿੰਮੇਦਾਰ ਠਹਿਰਾਵਾਂਗਾ। ਇਸ ਪ੍ਰਯੋਜਨ ਲਈ ਜਿਸ ਸੰਸਥਾ, ਸੰਗਠਨ ਤੋਂ ਖਾਤੇ ਵਿੱਚ ਪਿਛਲੀ ਤਨਖਾਹ ਜਮਾਂ ਹੋਈ ਹੈ, ਉਸ ਨੂੰ ਰੋਜ਼ਗਾਰਦਾਤਾ ਮੰਨਿਆ ਜਾਵੇਗਾ। ਹਾਲਾਂਕਿ, ਏਯੂ ਸਮਾਲ ਫਾਈਨੈਂਸ ਬੈਂਕ ਰੋਜ਼ਗਾਰਦਾਤਾ ਦੇ ਉਪਰੋਕਤ ਨਿਰਦੇਸ਼ ’ਤੇ ਕਾਰਵਾਈ ਕਰਨ ਲਈ ਕਿਸੇ ਵੀ ਤਰਾਂ ਨਾਲ ਉੱਤਰਦਾਈ ਨਹੀਂ ਹੋਵੇਗਾ।

ਆਈ) ਨਿਆਮਕ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਬੁਨਿਆਦੀ ਬੱਚਤ ਬੈਂਕ ਜਮਾਂ ਖਾਤਾ ਧਾਰਕ ਏਯੂ ਸਮਾਲ ਫਾਈਨੈਂਸ ਬੈਂਕ ਧਾਰਕ ਵਿੱਚ ਖੁਦ ਜਾਂ ਸਾਂਝੇ ਧਾਰਕ ਦੀ ਹੈਸੀਅਤ ਨਾਲ ਕੋਈ ਹੋਰ ਬੱਚਤ ਖਾਤਾ ਖੋਲਣ ਦੇ ਹੱਕਦਾਰ ਨਹੀਂ ਹਨ।

ਜੇ) ਜੇਕਰ ਅਜਿਹੇ ਖਾਤੇ ਬੁਨਿਆਦੀ ਬੱਚਤ ਬੈਂਕ ਜਮਾਂ ਖਾਤਾ ਖੋਲਣ ਦੇ 30 ਦਿਨਾਂ ਅੰਦਰ ਬੰਦ ਨਹੀਂ ਕੀਤੇ ਜਾਂਦੇ ਹਨ, ਤਾਂ ਬੈਂਕ ਨਿਆਮਕ ਦਿਸ਼ਾ-ਨਿਰਦੇਸ਼ਾਂ ਦੇ ਤਹਿਤ ਲਾਗੂ ਹੋਰ ਬੱਚਤ ਖਾਤਿਆਂ (ਜੇਕਰ ਕੋਈ ਹੋਣ) ਨੂੰ ਬੰਦ ਕਰਨ ਦਾ ਅਧਿਕਾਰ ਸੁਰੱਖਿਅਤ ਰੱਖਦਾ ਹੈ।

ਕੇ) ਬੀਐਸਬੀਡੀਏ ਸਮੇਂ-ਸਮੇਂ 'ਤੇ ਬੈਂਕ ਖਾਤੇ ਖੋਲਣ ਲਈ ਆਰਬੀਆਈ ਦੁਆਰਾ ਜਾਰੀ ਕੇਵਾਈਸੀ ਨਿਰਦੇਸ਼ਾਂ ਦੇ ਅਧੀਨ ਹੋਵੇਗਾ। ਜੇਕਰ ਅਜਿਹਾ ਖਾਤਾ ਸਰਲੀਕ੍ਰਿਤ ਕੇਵਾਈਸੀ ਮਾਨਦੰਡਾਂ ਦੇ ਅਧਾਰ 'ਤੇ ਖੋਲਿਆ ਜਾਂਦਾ ਹੈ, ਤਾਂ ਖਾਤੇ ਨੂੰ ਵਾਧੂ ਰੂਪ ਵਿੱਚ 'ਲਘੂ ਖਾਤਾ' ਮੰਨਿਆ ਜਾਵੇਗਾ।

ਐਲ) ਬੀਐਸਬੀਡੀਏ ਲਘੂ ਖਾਤਾ ਧਾਰਕ ਦੇ ਰੂਪ ਵਿੱਚ ਗਾਹਕ ਨਿਮਨਲਿਖਤ ਲੈਣ-ਦੇਣ ਸੀਮਾਵਾਂ ਦੇ ਅਧੀਨ ਹੋਵੇਗਾ:

- ਬੀਐਸਡੀਬੀਏ ਲਘੂ ਖਾਤੇ ਵਿੱਚ ਕੁੱਲ ਬਾਕੀ ਰਾਸ਼ੀ ਕਿਸੇ ਵੀ ਸਮੇਂ 50,000 ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ।

- ਜਾਂ ਬੀਐਸਡੀਬੀਏ ਲਘੂ ਖਾਤੇ ਵਿੱਚ ਕੁੱਲ ਜਮਾਂ ਰਾਸ਼ੀ ਇਕ ਸਾਲ ਵਿੱਚ. 1,00,000 ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ।

- ਜਾਂ ਬੀਐਸਡੀਬੀਏ ਲਘੂ ਖਾਤੇ ਵਿੱਚ ਕੁੱਲ ਨਿਕਾਸੀ ਅਤੇ ਟਰਾਂਸਫਰ ਇਕ ਮਹੀਨੇ ਵਿੱਚ 10,000 ਰੁਪਏ ਤੋਂ ਵੱਧ ਨਹੀਂ ਹੋਣੇ ਚਾਹੀਦੇ।

- ਜੇਕਰ ਖਾਤੇ ਵਿੱਚ ਬਾਕੀ ਰਾਸ਼ੀ 50,000 ਰੁਪਏ ਤੋਂ ਵੱਧ ਹੈ, ਤਾਂ ਲਘੂ ਖਾਤੇ ਵਿੱਚ ਉਦੋਂ ਤੱਕ ਕੋਈ ਹੋਰ ਜਮਾਂ ਲੈਣ-ਦੇਣ ਦੀ ਅਨੁਮਤੀ ਨਹੀਂ ਦਿੱਤੀ ਜਾਵੇਗੀ ਜਦੋਂ ਤੱਕ ਕਿ ਜਮਾਂ ਬਾਕੀ ਰਾਸ਼ੀ 50,000 ਰੁਪਏ ਤੋਂ ਘੱਟ ਨਾ ਹੋ ਜਾਵੇ।

- ਜੇਕਰ ਵਿੱਤੀ ਸਾਲ ਵਿੱਚ ਕੁੱਲ ਜਮਾਂ ਰਾਸ਼ੀ 1,00,000 ਰੁਪਏ ਤੋਂ ਵੱਧ ਹੈ, ਤਾਂ ਉਸ ਵਿੱਤੀ ਸਾਲ ਦੇ ਅੰਤ ਤੱਕ ਲਘੂ ਖਾਤੇ ਵਿੱਚ ਕੋਈ ਹੋਰ ਜਮਾਂ ਲੈਣ-ਦੇਣ ਦੀ ਅਨੁਮਤੀ ਨਹੀਂ ਦਿੱਤੀ ਜਾਵੇਗੀ।

- ਜੇਕਰ ਨਿਕਾਸੀ ਅਤੇ ਟਰਾਂਸਫਰ 10,000 ਰੁਪਏ ਤੋਂ ਵੱਧ ਹੈ, ਤਾਂ ਉਸ ਕੈਲੰਡਰੀ ਮਹੀਨੇ ਦੇ ਅੰਤ ਤੱਕ ਲਘੂ ਖਾਤੇ ਵਿੱਚ ਕੋਈ ਹੋਰ ਡੈਬਿਟ ਲੈਣ-ਦੇਣ ਦੀ ਅਨੁਮਤੀ ਨਹੀਂ ਦਿੱਤੀ ਜਾਵੇਗੀ।

ਐਮ) ਬੀਐਸਬੀਡੀਏ ਲਘੂ ਖਾਤਾਧਾਰਕ ਨੂੰ ਏਯੂ ਸਮਾਲ ਫਾਈਨੈਂਸ ਬੈਂਕ ਨੂੰ ਨਿਮਨਲਿਖਤ ਦਸਤਾਵੇਜ਼ ਪੇਸ਼ ਕਰਨੇ ਪੈਣਗੇ:

- ਖਾਤਾ ਖੋਲਣ ਦੇ 12 ਮਹੀਨਿਆਂ ਦੇ ਅੰਦਰ ਵੈਧ ਕੇਵਾਈਸੀ (ਬੀਐਸਬੀਡੀਏ ਛੋਟੇ ਖਾਤਿਆਂ ਲਈ ਨਿਰਧਾਰਿਤ ਕੇਵਾਈਸੀ ਦੀ ਸਵੀਕਾਰਯੋਗ ਸੂਚੀ ਦੇ ਅਨੁਸਾਰ) ਲਈ ਅਪਲਾਈ ਕਰਨ ਦਾ ਸਬੂਤ
- ਖਾਤਾ ਖੋਲਣ ਦੇ 24 ਮਹੀਨਿਆਂ ਦੇ ਅੰਦਰ ਬੈਂਕ ਦੀ ਸਵੀਕਾਰਯੋਗ ਕੇਵਾਈਸੀ ਸੂਚੀ ਦੇ ਅਨੁਸਾਰ ਅਸਲੀ ਕੇਵਾਈਸੀ (ਆਈਡੀ ਸਬੂਤ, ਪਤੇ ਦਾ ਸਬੂਤ ਅਤੇ ਫੋਟੋਗਰਾਫ)

7. ਖਾਤਾ ਖੋਲਣ ਲਈ ਨਿਆਮਕ/ਬੈਂਕ ਅਥਾਰਿਟੀਆਂ ਦੁਆਰਾ ਲਾਜ਼ਮੀ ਸਾਰੇ ਜ਼ਰੂਰੀ ਦਸਤਾਵੇਜ਼ ਉਪਲੱਬਧ ਕਰਾਏ ਜਾਣੇ ਚਾਹੀਦੇ ਹਨ।

8. ਬੱਚਤ ਖਾਤੇ ’ਤੇ ਵਿਆਜ ਦਰ ਨੂੰ ਆਰਬੀਆਈ ਦੁਆਰਾ ਪੁਨਰ-ਨਿਆਮਕ ਕਰ ਦਿੱਤਾ ਗਿਆ ਹੈ। ਇਹ ਦਰ ਸਮੇਂ-,ਸਮੇਂ ’ਤੇ ਵੱਖ-ਵੱਖ ਹੋ ਸਕਦੀ ਹੈ ਅਤੇ ਇਸ ਦੀ ਗਣਨਾ ਰੋਜ਼ਾਨਾ ਬਾਕੀ ਰਾਸ਼ੀ ਦੇ ਆਧਾਰ ’ਤੇ ਕੀਤੀ ਜਾਵੇਗੀ। ਬੱਚਤ ਖਾਤੇ ’ਤੇ ਵਿਆਜ ਮਹੀਨਾਵਾਰੀ ਅੰਤਰਾਲ ’ਤੇ ਜਾਂ ਭਾਰਤੀ ਰਿਜ਼ਰਵ ਬੈਂਕ ਦੁਆਰਾ ਸਮੇਂ-,ਸਮੇਂ ’ਤੇ ਨਿਰਧਾਰਿਤ ਕੀਤੇ ਅਨੁਸਾਰ ਜਮਾਂ ਕੀਤਾ ਜਾਵੇਗਾ।

9. ਮੈਂ/ਅਸੀਂ ਇਹ ਸਮਝਦੇ ਹਾਂ ਕਿ ਬੈਂਕ ਦੁਆਰਾ ਸਮੇਂ-ਸਮੇਂ ’ਤੇ ਚੁਣੇ ਗਏ ਬੱਚਤ/ਚਾਲੂ ਖਾਤੇ ਲਈ ਨਿਰਧਾਰਿਤ ਔਸਤ ਮਹੀਨਾਵਾਰੀ ਬਾਕੀ (ਏਐਮਬੀ) ਬਣਾਈ ਰੱਖਣਾ ਲਾਜ਼ਮੀ ਹੈ ਅਤੇ ਚੁਣੇ ਗਏ ਉਤਪਾਦ ਦੀ ਕਿਸਮ ਦੇ ਅਨੁਸਾਰ ਗੈਰ-ਰੱਖਰਖਾਅ ਸ਼ੁਲਕ ਲਾਗੂ ਹੋਣਗੇ। ਜੇਕਰ ਖਾਤੇ ਵਿੱਚ ਲਗਾਤਾਰ 12 ਮਹੀਨਿਆਂ ਤੱਕ ਘੱਟ ਬਾਕੀ ਰਾਸ਼ੀ ਰਹਿੰਦੀ ਹੈ, ਤਾਂ ਬੈਂਕ ਨੂੰ ਖਾਤੇ ਨੂੰ ਉੱਚਿਤ ਲੋਅਰ ਵੈਰੀਐਂਟ ਕਿਸਮ ਵਿੱਚ ਡਾਊਨਗਰੇਡ ਕਰਨ ਦਾ ਅਧਿਕਾਰ ਹੈ। ਪੁਰਾਣੇ ਉਤਪਾਦ ਨਾਲ ਜੁੜੇ ਉਤਪਾਦ ਲਾਭ/ਸਹੂਲਤਾਂ ਬੰਦ ਹੋ ਜਾਣਗੀਆਂ ਅਤੇ ਨਵੀਂ ਕਿਸਮ ਦੇ ਲਾਭ ਅਤੇ ਸ਼ੁਲਕ ਲਾਗੂ ਹੋਣਗੇ। ਇਸ ਤੋਂ ਇਲਾਵਾ ਬੈਂਕ ਆਪਣੇ ਵਿਵੇਕ ਅਨੁਸਾਰ ਖਾਤਾ ਬੰਦ ਕਰਨ ਦਾ ਅਧਿਕਾਰ ਵੀ ਸੁਰੱਖਿਅਤ ਰੱਖਦਾ ਹੈ।

10. ਬੱਚਤ ਬੈਂਕ ਖਾਤੇ ਦਾ ਉਪਯੋਗ ਸਿਰਫ ਗੈਰ-ਵਪਾਰਕ/ਗੈਰ-ਵਣਜ ਕਿਸਮ ਦੇ ਲੈਣ-ਦੇਣ ਲਈ ਕੀਤਾ ਜਾਣਾ ਚਾਹੀਦਾ ਹੈ. ਅਜਿਹੇ ਲੈਣ-ਦੇਣ ਜਾਂ ਅਜਿਹੇ ਕਿਸੇ ਵੀ ਲੈਣ-ਦੇਣ ਦੇ ਹੋਣ ’ਤੇ ਜਿਸ ਨੂੰ ਕਿ ਵਣਜ/ਵਪਾਰਕ/ਸ਼ੱਕੀ ਜਾਂ ਅਣਇਛੁੱਕ ਮੰਨਿਆ ਜਾ ਸਕਦਾ ਹੈ, ਬੈਂਕ ਅਜਿਹੇ ਖਾਤਿਆਂ ਵਿੱਚ ਇਕਤਰਫਾ ਰੂਪ ਵਿੱਚ ਲੈਣ-ਦੇਣ ’ਤੇ ਰੋਕ ਲਗਾਉਣ ਜਾਂ ਖਾਤਾ ਬੰਦ ਕਰਨ ਦਾ ਅਧਿਕਾਰ ਸੁਰੱਖਿਅਤ ਰੱਖਦਾ ਹੈ। ਬਗੈਰ ਕਿਸੇ ਸ਼ੁਲਕ ਦੇ ਅਨੁਮਤ ਜਮਾਂ ਅਤੇ ਨਿਕਾਸੀ ਲੈਣ-ਦੇਣ ਦੀ ਸੰਖਿਆ ਬੈਂਕ ਦੀ ਵੈਬਸਾਈਟ aubank.in ’ਤੇ ਉਪਲੱਬਧ ਉਤਪਾਦ ਸੇਵਾ ਸ਼ੁਲਕ ਦਸਤਾਵੇਜ਼ ਵਿੱਚ ਉਪਲੱਬਧ ਹੈ।

11. ਨਕਦ ਜਮਾਂ ਸਹੂਲਤ ਏਯੂ ਸਮਾਲ ਫਾਈਨੈਂਸ ਬੈਂਕ ਦੀਆਂ ਸਾਰੀਆਂ ਸ਼ਾਖਾਵਾਂ ਵਿੱਚ ਉਪਲੱਬਧ ਹੈ। ਬਗੈਰ ਸ਼ੁਲਕ ਤੋਂ ਜ਼ਿਆਦਾ ਨਕਦ ਜਮਾਂ ’ਤੇ ਲਾਗੂ ਸ਼ੁਲਕ ਬੈਂਕ ਦੀ ਵੈਬਸਾਈਟ aubank.in ’ਤੇ ਉਪਲੱਬਧ ਉਤਪਾਦ ਸੇਵਾ ਸ਼ੁਲਕ ਦਸਤਾਵੇਜ਼ ਵਿੱਚ ਉਪਲੱਬਧ ਹੈ। ਨਕਦ ਜਮਾਂ ਮਸ਼ੀਨਾਂ (ਜਿੱਥੇ ਵੀ ਲਾਗੂ ਹੋਵੇ) ਵਿੱਚ ਵੀ ਨਕਦ ਜਮਾਂ ਕੀਤਾ ਜਾ ਸਕਦਾ ਹੈ।

12. ਬੈਂਕ ਦੇ ਗਾਹਕ ਕਿਸੇ ਵੀ ਬੈਂਕ ਸ਼ਾਖਾ ਵਿੱਚ ਨਿੱਜੀ ਰੂਪ ਵਿੱਚ ਜਾ ਕੇ ਸਮੇਂ-ਸਮੇਂ ’ਤੇ ਬੈਂਕ ਦੁਆਰਾ ਨਿਰਧਾਰਿਤ ਸਮਾਂ-ਸੀਮਾਂ ਦੇ ਅਨੁਸਾਰ ਨਕਦ ਨਿਕਾਸੀ ਦੀ ਸਹੂਲਤ ਦਾ ਲਾਭ ਉਠਾ ਸਕਦੇ ਹਨ। ਨਕਦ ਨਿਕਾਸੀ ਲਈ ਏਟੀਐਮ-ਸਹਿ-ਡੈਬਿਟ ਕਾਰਡ ਦਾ ਵੀ ਏਟੀਐਮ ਵਿੱਚ ਉਪਯੋਗ ਕੀਤਾ ਜਾ ਸਕਦਾ ਹੈ।

13. ਨਾਬਾਲਗ ਲਈ ਉਮਰ 18 ਸਾਲ ਤੋਂ ਘੱਟ ਅਤੇ ਸੀਨੀਅਰ ਨਾਗਰਿਕਾਂ ਲਈ 60 ਸਾਲ ਜਾਂ ਉਸ ਤੋਂ ਵੱਧ ਮੰਨੀ ਗਈ ਹੈ।

14. ਸੀਨੀਅਰ ਨਾਗਰਿਕ ਨਿਯਮ ਅਨਿਵਾਸੀਆਂ ’ਤੇ ਲਾਗੂ ਨਹੀਂ ਹੁੰਦੇ ਹਨ।

15. 10 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਨਾਬਾਲਗ ਬੈਂਕ ਵਿੱਚ ਸੁਤੰਤਰ ਰੂਪ ਵਿੱਚ ਬੱਚਤ ਖਾਤਾ ਖੋਲ ਅਤੇ ਸੰਚਾਲਿਤ ਕਰ ਸਕਦਾ ਹੈ। ਜੇਕਰ ਨਾਬਾਲਗ ਦੀ ਉਮਰ 10 ਸਾਲ ਤੋਂ ਘੱਟ ਹੈ, ਤਾਂ ਸਿਰਫ ਗਾਰਡੀਅਨ ਹੀ ਖਾਤੇ ਦਾ ਸੰਚਾਲਨ ਕਰ ਸਕਦਾ ਹੈ।

16. ਬੈਂਕ ਇਹ ਸੁਨਿਸ਼ਚਿਤ ਕਰੇਗਾ ਕਿ ਨਾਬਾਲਗ ਦੇ ਬੈਂਕ ਖਾਤਿਆਂ ਤੋਂ ਜ਼ਿਆਦਾ ਰਾਸ਼ੀ ਨਾ ਕੱਢੀ ਜਾਵੇ ਅਤੇ

ਉਸ ਵਿੱਚ ਹਮੇਸ਼ਾ ਜਮਾਂ ਰਾਸ਼ੀ ਬਣੀ ਰਹੇ। ਬੈਂਕ ਆਪਣੀਆਂ ਸ਼ਾਖਾਵਾਂ ਨੂੰ ਨਿਰਦੇਸ਼ ਦੇਵੇਗਾ ਕਿ ਜਦੋਂ ਵੀ ਉਹਨਾਂ ਨੂੰ ਅਜਿਹੀ ਅਪੀਲ ਹਾਸਲ ਹੋਵੇ, ਤਾਂ ਉਹ ਨਾਬਾਲਗਾਂ ਦੇ ਖਾਤੇ (ਸਿਰਫ ਮਿਆਦੀ ਅਤੇ ਬੱਚਤ ਖਾਤੇ) ਖੋਲਣ ਦੀ ਅਨੁਮਤੀ ਦੇਣ ਜਿਹਨਾਂ ਵਿੱਚ ਕਿ ਮਾਵਾਂ ਗਾਰਡੀਅਨ ਹੋਣ।

17. ਬੈਂਕ ਗਾਰਡੀਅਨ/ ਪ੍ਰਬੰਧਕ ਨਿਯੁਕਤ ਕਰਨ ਤੋਂ ਬਾਅਦ ਔਟਿਜ਼ਮ, ਸਰੇਬਰਲ ਪਾਲਿਸੀ, ਮਾਨਸਿਕ ਮੰਦਤਾ, ਮਾਨਸਿਕ ਬੀਮਾਰੀ ਅਤੇ ਮਾਨਸਿਕ ਅਪਾਹਜਤਾ ਨਾਲ ਪੀੜਤ ਵਿਅਕਤੀਆਂ ਦੇ ਖਾਤੇ ਖੋਲਣ ਦੀ ਅਨੁਮਤੀ ਦੇਵੇਗਾ ਅਤੇ ਅਜਿਹੇ ਖਾਤਾਧਾਰਕਾਂ 'ਤੇ ਲਾਗੂ ਐਕਟਾਂ ਦੇ ਤਹਿਤ ਕਾਨੂੰਨੀ ਸਥਿਤੀ ਅਤੇ ਸਮਰੱਥ ਅਥਾਰਿਟੀ ਦੁਆਰਾ ਜਾਰੀ ਆਦੇਸ਼ਾਂ/ਸੈਰਟੀਫਿਕੇਟਾਂ 'ਤੇ ਵੀ ਧਿਆਨ ਦੇਵੇਗਾ।

18. ਬੈਂਕ ਸ਼ੁਲਕ ਅਤੇ ਚਾਰਜਾਂ ਵਿੱਚ ਕਿਸੇ ਬਦਲਾਵ ਲਈ 30 ਦਿਨ ਪਹਿਲਾਂ ਸੂਚਨਾ ਦੇਵੇਗਾ।

19. ਮੁਕੰਮਲ ਅਤੇ ਅਨੁਰੂਪ ਕੇਵਾਈਸੀ ਖਾਤਿਆਂ ਨੂੰ ਖਾਤਾਧਾਰਕਾਂ ਦੀ ਅਪੀਲ 'ਤੇ ਬੈਂਕ ਦੀਆਂ ਸ਼ਾਖਾਵਾਂ ਵਿਚਾਲੇ ਤਬਦੀਲ ਕੀਤਾ ਜਾ ਸਕਦਾ ਹੈ। ਸ਼ਾਖਾਵਾਂ ਵਿਚਾਲੇ ਖਾਤੇ ਦੇ ਤਬਾਦਲੇ 'ਤੇ ਕੋਈ ਸ਼ੁਲਕ ਨਹੀਂ ਹੈ।

20. ਹਰੇਕ ਜਮਾਂਕਰਤਾ ਦੇ 5,00,000 ਰੁਪਏ ਤੱਕ ਦੇ ਬੈਂਕ ਜਮਾਂ, ਜਮਾਂ ਬੀਮਾ ਯੋਜਨਾ ਦੇ ਤਹਿਤ ਜਮਾਂ ਬੀਮਾ ਅਤੇ ਕਰਜ਼ਾ ਗਾਰੰਟੀ ਨਿਗਮ ਦੁਆਰਾ ਪੂਰੀ ਤਰਾਂ ਨਾਲ ਸੁਰੱਖਿਅਤ ਹਨ।

21. ਖਾਤਾ ਬੰਦ ਕਰਨ ਦੀ ਅਪੀਲ ਵਿੱਚ ਬੰਦ ਕਰਨ ਦਾ ਕਾਰਨ ਦੱਸਣਾ ਪਵੇਗਾ। ਸਾਂਝੇ ਖਾਤੇ ਸਿਰਫ ਅਜਿਹੇ ਸਾਰੇ ਸਾਂਝੇ ਹਸਤਾਖਰਕਰਤਾਵਾਂ ਦੀ ਅਪੀਲ 'ਤੇ ਹੀ ਬੰਦ ਕੀਤੇ ਜਾ ਸਕਦੇ ਹਨ। ਖਾਤਾ ਬੰਦ ਕਰਨ ਦੇ ਸਬੰਧ ਵਿੱਚ ਸ਼ੁਲਕ ਬੈਂਕ ਦੀ ਵੈਬਸਾਈਟ aubank.in 'ਤੇ ਉਪਲੱਬਧ ਸੇਵਾ ਸ਼ੁਲਕ ਵਿੱਚ ਉਲੇਖਿਤ ਹਨ।

22. ਬੈਂਕ ਬਗੈਰ ਕਿਸੇ ਸੂਚਨਾ ਦੇ ਕਿਸੇ ਵੀ ਸਮੇਂ ਉਪਰੋਕਤ ਨਿਯਮਾਂ ਵਿੱਚ ਕੋਈ ਵੀ ਬਦਲਾਵ, ਸੋਧ, ਰੱਦੀਕਰਨ ਦਾ ਅਧਿਕਾਰ ਸੁਰੱਖਿਅਤ ਰੱਖਦਾ ਹੈ। ਖਾਤਾ ਖੋਲਣ ਵਾਲਾ ਕੋਈ ਵੀ ਵਿਅਕਤੀ ਖਾਤੇ ਨੂੰ ਕੰਟਰੋਲ ਕਰਨ ਵਾਲੇ ਨਿਯਮਾਂ ਨਾਲ ਬੰਧਨਕਾਰੀ ਹੋਵੇਗਾ।

## ਚਾਲੂ ਖਾਤੇ

1. ਖਾਤਾ ਖੋਲਣ ਲਈ ਭਾਰਤੀ ਰਿਜ਼ਰਵ ਬੈਂਕ ਦੇ ਕੇਵਾਈਸੀ ਮਾਨਦੰਡਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਚਾਲੂ ਖਾਤੇ (ਸੀ/ਏ) ਵਿਅਕਤੀ, ਮਾਲਕੀਅਤ ਵਾਲੀਆਂ ਕੰਪਨੀਆਂ, ਸਾਂਝੇਦਾਰੀ ਫਰਮਾਂ, ਐਲਐਲਪੀ, ਨਿੱਜੀ ਅਤੇ ਸਰਵਜਨਕ ਲਿਮਟਿਡ ਕੰਪਨੀਆਂ, ਐਚਯੂਐਪ/ਉਲੇਖਿਤ ਸੰਘ ਕਮੇਟੀਆਂ, ਟਰੱਸਟ ਆਦਿ ਦੁਆਰਾ ਖੋਲੇ ਜਾ ਸਕਦੇ ਹਨ।

2. ਚਾਲੂ ਖਾਤਾ ਖੋਲਣ ਦੇ ਸਮੇਂ ਪੈਨ ਹੋਣਾ ਲਾਜ਼ਮੀ ਹੈ।

3. ਜੇਕਰ ਪੈਨ ਅਕਿਰਿਆਸ਼ੀਲ ਹੈ, ਤਾਂ ਉੱਚ ਦਰ ਨਾਲ ਕਰ ਕੱਟਿਆ ਜਾਵੇਗਾ।

4. ਆਰਬੀਆਈ ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਚਾਲੂ ਖਾਤੇ ਲਈ ਬਿਨੇਕਾਰ ਨੂੰ ਖਾਤਾ ਖੋਲਣ ਦੇ ਫਾਰਮ ਵਿੱਚ ਜਾਂ ਅਲੱਗ ਤੋਂ ਕਿਸੇ ਵੀ ਬੈਂਕ ਤੋਂ ਕਰਜ਼ਾ ਸਹੂਲਤ/ਸਹੂਲਤਾਂ ਦਾ ਐਲਾਨ ਕਰਨਾ ਚਾਹੀਦਾ ਹੈ ਅਤੇ ਜੇਕਰ ਉਹ ਕਿਸੇ ਕਰਜ਼ਾ ਸਹੂਲਤ ਦਾ ਲਾਭ ਉਠਾਉਂਦੇ ਹਨ, ਤਾਂ ਉਹਨਾਂ ਨੂੰ ਕਰਜ਼ੇ ਦੀ ਕਿਸਮ, ਕਰਜ਼ਾ ਰਾਸ਼ੀ, ਸਬੰਧਿਤ ਬੈਂਕ/ਸ਼ਾਖਾ ਦਾ ਨਾਮ ਆਦਿ ਦਰਸਾਉਂਦੇ ਹੋਏ ਉਸ ਦਾ ਪੂਰਾ

ਵੇਰਵਾ ਐਲਾਨ ਕਰਨਾ ਚਾਹੀਦਾ ਹੈ।

ਨਾਲ ਹੀ ਕੋਈ ਚਾਲੂ ਖਾਤਾ/ਖਾਤੇ ਖੋਲਣ ਤੋਂ ਪਹਿਲਾਂ, ਬੈਂਕ ਸਮੇਂ-ਸਮੇਂ ’ਤੇ ਨਿਆਮਕਾਂ ਦੁਆਰਾ ਨਿਰਦੇਸ਼ਿਤ, ਚਾਲੂ ਖਾਤਾ ਖੋਲਣ-ਅਨੁਸ਼ਾਸਨ ਦੀ ਲੋੜ ’ਤੇ ਨਿਆਮਕ ਲੋੜਾਂ ਦੇ ਅਨੁਰੂਪ ਗਾਹਕ ਲਈ ਜ਼ੋਖਮ (ਫੰਡ ਅਤੇ ਗੈਰ-ਫੰਡ ਆਧਾਰਿਤ) ਦੀ ਤਸਦੀਕ ਕਰੇਗਾ। ਬੈਂਕ ਗਾਹਕ ਨੂੰ ਕਿਸੇ ਹੋਰ ਬੈਂਕ ਤੋਂ ਹਾਸਲ ਕਰਜ਼ਾ ਸਹੂਲਤਾਂ ਦਾ ਪਤਾ ਲਗਾਉਣ ਵਾਸਤੇ ਭਾਰਤੀ ਰਿਜ਼ਰਵ ਬੈਂਕ ਦੁਆਰਾ ਸੁਰੱਖਿਅਤ ਵੱਡੇ ਕਰਜ਼ਿਆਂ ’ਤੇ ਸੂਚਨਾ ਦੇ ਕੇਂਦਰੀ ਭੰਡਾਰ (ਸੀਆਰਆਈਐਲਸੀ) ਡੈਟਾਬੇਸ ਤੋਂ ਕਰਜ਼ਾ ਜ਼ੋਖਮ ਵੇਰਵਿਆਂ ਦੀ ਤਸਦੀਕ ਕਰੇਗਾ। ਬੈਂਕ ਗਾਹਕ ਨੂੰ ਬੈਂਕਿੰਗ ਸਿਸਟਮ ਤੋਂ ਹਾਸਲ ਕਰਜ਼ਾ ਸਹੂਲਤਾਂ ਦਾ ਪਤਾ ਲਗਾਉਣ ਵਾਸਤੇ ਕਰੈਡਿਟ ਬਿਊਰੋ ਵਰਗੇ ਹੋਰਨਾਂ ਸਰੋਤਾਂ ਦਾ ਉਪਯੋਗ ਵੀ ਕਰ ਸਕਦਾ ਹੈ। ਮਿਆਦੀ ਨਿਗਰਾਨੀ ਲਈ, ਬੈਂਕ ਸਾਰੇ ਚਾਲੂ ਖਾਤਿਆਂ ਅਤੇ ਸੀਸੀ/ਓਡੀ ਦੀ ਨਿਯਮਤ ਰੂਪ ਵਿੱਚ ਘੱਟੋ-ਘੱਟ ਛਿਮਾਹੀ ਆਧਾਰ ’ਤੇ ਵਿਸ਼ੇਸ਼ ਰੂਪ ਵਿੱਚ ਉਧਾਰਕਰਤਾ ਲਈ ਬੈਂਕਿੰਗ ਸਿਸਟਮ ਦੇ ਜ਼ੋਖਮ ਦੇ ਸਬੰਧ ਵਿੱਚ ਨਿਗਰਾਨੀ ਕਰੇਗਾ। ਜੇਕਰ ਉਧਾਰਕਰਤਾ ਪ੍ਰਤੀ ਬੈਂਕਾਂ ਦੇ ਕਰਜ਼ਾ ਜ਼ੋਖਮ ਜਾਂ ਬੈਂਕਿੰਗ ਸਿਸਟਮ ਦੇ ਸਮੁੱਚੇ ਕਰਜ਼ਾ ਜ਼ੋਖਮ ਵਿੱਚ ਕੋਈ ਬਦਲਾਵ ਹੁੰਦਾ ਹੈ, ਤਾਂ ਸੋਧਿਆ ਹੋਇਆ/ਨਵੀਨਤਮ ਕਰਜ਼ਾ ਜ਼ੋਖਮ ਵੇਰਵਾ ਬੈਂਕ ਨੂੰ ਪੇਸ਼ ਕਰਨਾ ਪਵੇਗਾ। ਮੈਂ/ਅਸੀਂ ਬੈਂਕ ਨੂੰ ਸੀਆਰਆਈਐਲਆਈਸੀ ਜਾਂ ਕਰੈਡਿਟ ਬਿਊਰੋ ਜਾਂ ਫਿਰ ਕਿਸੇ ਸਰਕਾਰੀ ਅਧਿਕਾਰਤ ਸਰੋਤ ਤੋਂ ਮੇਰੇ ਕਰਜ਼ਾ ਵੇਰਵਿਆਂ ਦੀ ਤਸਦੀਕ ਕਰਨ ਲਈ ਅਧਿਕਾਰਤ ਕਰਦਾ/ਕਰਦੀ/ਕਰਦੇ ਹਾਂ ਅਤੇ ਜੇਕਰ ਵੇਰਵਾ ਗਲਤ/ਅੱਪਡੇਟਡ ਨਹੀਂ ਹੈ, ਤਾਂ ਬੈਂਕ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਉੱਚਿਤ ਸੂਚਨਾ ਦੇ ਕੇ ਖਾਤਾ ਬੰਦ ਕਰ ਸਕਦਾ ਹੈ।

5. ਭਾਰਤੀ ਰਿਜ਼ਰਵ ਬੈਂਕ ਦੇ ਨਿਰਦੇਸ਼ਾਂ ਦੇ ਅਨੁਸਾਰ ਚਾਲੂ ਖਾਤੇ ਵਿੱਚ ਰੱਖੀ ਗਈ ਬਾਕੀ ਰਾਸ਼ੀ ’ਤੇ ਕੋਈ ਵਿਆਜ ਦੇਣਯੋਗ ਨਹੀਂ ਹੋਵੇਗਾ।

## ਸਮੂਹੀਕਰਨ ਪ੍ਰੋਗਰਾਮ ਖਾਤੇ

1. ਮੈਂ ਇਸ ਨਾਲ ਸਹਿਮਤ ਹਾਂ ਕਿ ਬੈਂਕ ਆਪਣੇ ਵਿਵੇਕ ਅਨੁਸਾਰ ਕੁਝ ਖਾਤਾ ਕਿਸਮਾਂ/ਖੰਡਾਂ ਦੇ ਮਾਮਲੇ ਵਿੱਚ ਖਾਤਾ ਸਮੂਹੀਕਰਨ ਦੀ ਸਹੂਲਤ ਦੇ ਸਕਦਾ ਹੈ। ਇਸ ਕਾਰਜਸਮਰੱਥਾ ਦੇ ਤਹਿਤ ਜਿਹਨਾਂ ਖਾਤਿਆਂ ਅਤੇ ਸਬੰਧਾਂ ਨੂੰ ਲਿੰਕ ਕੀਤਾ ਜਾ ਸਕਦਾ ਹੈ, ਉਹਨਾਂ ਦੀ ਸੰਖਿਆ ਮੁੱਢਲੇ ਸਮੂਹ ਮੈਂਬਰ ਦੀ ਸਹਿਮਤੀ ਤੋਂ ਬਾਅਦ ਬੈਂਕ ਦੇ ਵਿਵੇਕ ’ਤੇ ਨਿਰਭਰ ਕਰੇਗੀ।

2. ਮੈਂ ਇਸ ਨਾਲ ਸਹਿਮਤ ਹਾਂ ਕਿ ਇਕ ਸਮੂਹ ਵਿੱਚ ਇਕ ਮੈਂਬਰ ਨੂੰ ਮੁੱਢਲੇ ਸਮੂਹ ਮੈਂਬਰ ਦੇ ਰੂਪ ਵਿੱਚ ਵਰਗੀਕ੍ਰਿਤ ਕੀਤਾ ਜਾਵੇਗਾ ਅਤੇ ਮੁੱਢਲੀ ਸਮੂਹ ਆਈਡੀ ਨਾਲ ਜੁੜੇ ਬਾਕੀ ਗਾਹਕਾਂ ਨੂੰ ਸਮੂਹ ਮੈਂਬਰ/ਸੈਕੰਡਰੀ ਮੈਂਬਰ ਦੇ ਰੂਪ ਵਿੱਚ ਵਰਗੀਕ੍ਰਿਤ ਕੀਤਾ ਜਾਵੇਗਾ।

3. ਮੈਂ ਇਸ ਨਾਲ ਸਹਿਮਤ ਹਾਂ ਕਿ ਪ੍ਰੋਗਰਾਮ ਸਮੂਹੀਕਰਨ ਦੇ ਸਬੰਧ ਵਿੱਚ ਕਿਸੇ ਵੀ ਸੰਚਾਰ/ਸੂਚਨਾ ਲਈ ਬੈਂਕ ਲਈ ਮੁੱਢਲੇ ਸਮੂਹ ਮੈਂਬਰ ਹੀ ਸੰਪਰਕ ਦਾ ਪਹਿਲਾ ਅਤੇ ਮੁੱਢਲਾ ਸੰਪਰਕ ਬਿੰਦੂ ਹੋਣਗੇ।

4. ਸਾਂਝੀ ਔਸਤ ਬਾਕੀ ਰਾਸ਼ੀ ਦਾ ਖਾਤਾ ਲਾਭ ਸਮੂਹ ਵਿੱਚ ਜੁੜੇ ਸਾਰੇ ਖਾਤਿਆਂ ਵਿੱਚ ਗਿਣਿਆ ਜਾਵੇਗਾ। ਔਸਤ ਬਾਕੀ ਰਾਸ਼ੀ ਤੋਂ ਇਲਾਵਾ, ਹਰੇਕ ਨਿੱਜੀ ਖਾਤੇ ਦੇ ਸਬੰਧਿਤ ਲਾਭ/ਸ਼ੁਲਕ, ਸ਼ੁਲਕਾਂ ਦੀ ਅਨੁਸੂਚੀ ਵਿੱਚ ਉਲੇਖਿਤ ਕੀਤੇ ਅਨੁਸਾਰ ਨਿੱਜੀ ਖਾਤਿਆਂ ’ਤੇ ਹੀ ਜਾਰੀ ਰਹਿ ਸਕਦੇ ਹਨ।

5. ਸਾਂਝੀ ਔਸਤ ਬਾਕੀ ਰਾਸ਼ੀ ਦਾ ਲਾਭ ਪ੍ਰੋਗਰਾਮ ਸਮੂਹ ਦੀ ਹੋਂਦ ਤੱਕ ਜਾਂ ਗਾਹਕ ਦੇ ਸਮੂਹ ਦਾ ਹਿੱਸਾ ਰਹਿਣ ਤੱਕ ਜਾਰੀ ਰਹੇਗਾ।

6. ਜੇਕਰ ਮੁੱਢਲੇ ਸਮੂਹ ਦਾ ਮੈਂਬਰ ਗਾਹਕ ਖਾਤਾ ਬੰਦ ਕਰ ਦਿੰਦਾ ਹੈ, ਤਾਂ ਸਮੂਹ ਦੇ ਮੈਂਬਰ ਕਿਸੇ ਹੋਰ ਸਮੂਹ ਦੇ ਮੈਂਬਰ ਨੂੰ ਮੁੱਢਲੇ ਸਮੂਹ ਮੈਂਬਰ ਦੇ ਰੂਪ ਵਿੱਚ ਵਰਗੀਕ੍ਰਿਤ ਕਰਨ ਅਤੇ ਸਾਮੂਹਿਕ ਲਾਭ ਜਾਰੀ ਰੱਖਣ ਦੀ ਅਪੀਲ ਕਰ ਸਕਦੇ ਹਨ, ਨਹੀਂ ਤਾਂ ਸਮੂਹ ਭੰਗ ਹੋ ਜਾਵੇਗਾ ਅਤੇ ਸਬੰਧਿਤ ਪ੍ਰੋਗਰਾਮ ਦੇ ਤਹਿਤ ਜ਼ਰੂਰੀ ਸਾਂਝੀ ਔਸਤ ਬਾਕੀ ਰਾਸ਼ੀ ਨਿੱਜੀ ਗਾਹਕ ਪੱਧਰ 'ਤੇ ਬਣਾਈ ਰੱਖਣੀ ਪਵੇਗੀ।

7. ਗਾਹਕ ਆਈਡੀ ਨਾਲ ਜੁੜੇ ਸਾਰੇ ਖਾਤੇ ਸਬੰਧਿਤ ਪ੍ਰੋਗਰਾਮ ਲਈ ਨਾਮਜ਼ਦ ਹੋ ਜਾਣਗੇ।

8. ਗਾਹਕ ਕਿਸੇ ਵੀ ਸਮੇਂ ਸਿਰਫ ਇਕ ਹੀ ਸਮੂਹ ਦਾ ਹਿੱਸਾ ਹੋ ਸਕਦਾ ਹੈ।

9. ਮੈਂ ਇਸ ਨਾਲ ਸਹਿਮਤ ਹਾਂ ਕਿ ਪ੍ਰੋਗਰਾਮ ਸਮੂਹੀਕਰਨ ਦੇ ਭਾਗ ਦੇ ਰੂਪ ਵਿੱਚ ਬੈਂਕ ਕੈਸ਼ਬੈਕ/ਲਾਇਲਟੀ ਪੁਆਇੰਟਸ/ਮਾਈਲਸਟੋਨ/ਰਿਵਾਰਡ ਜਾਂ ਕੋਈ ਹੋਰ ਔਫਰ/ਲਾਭ ਪ੍ਰਦਾਨ ਕਰ ਸਕਦਾ ਹੈ। ਕੈਸ਼ਬੈਕ/ਲਾਇਲਟੀ ਪੁਆਇੰਟਸ/ਮਾਈਲਸਟੋਨ ਰਿਵਾਰਡ ਬੈਂਕ ਦੁਆਰਾ ਪ੍ਰੋਗਰਾਮ ਲਈ ਨਿਰਧਾਰਿਤ ਮਿਆਦ ਦੇ ਅੰਦਰ ਗਾਹਕ ਦੇ ਖਾਤਿਆਂ ਵਿੱਚ ਜਮਾਂ ਕਰ ਦਿੱਤੇ ਜਾਣਗੇ। ਬੈਂਕ ਨੂੰ ਆਪਣੇ ਵਿਵੇਕ ਦੇ ਆਧਾਰ 'ਤੇ ਕਿਸੇ ਵੀ ਸਮੇਂ ਪ੍ਰੋਗਰਾਮ ਵਿੱਚ ਬਦਲਾਵ ਕਰਨ ਦਾ ਅਧਿਕਾਰ ਹੈ। ਬੈਂਕ ਉਲੇਖਿਤ ਔਫਰ/ਲਾਭਾਂ ਲਈ ਔਫਰ ਮਾਨਦੰਡ ਦੇ ਇਕ ਭਾਗ ਦੇ ਰੂਪ ਵਿੱਚ ਕੁਝ ਲੈਣ-ਦੇਣ ਜਾਂ ਕੁਝ ਵਪਾਰੀ ਵਰਗਾਂ ਦੇ ਲੈਣ-ਦੇਣ ਨੂੰ ਵੀ ਬਾਹਰ ਕਰ ਸਕਦਾ ਹੈ।

10. ਅੱਪਗਰੇਡ ਦੇ ਮਾਮਲੇ ਵਿੱਚ, ਕੋਈ ਚੈਕਬੁਕ ਜਾਰੀ ਨਹੀਂ ਕੀਤੀ ਜਾਵੇਗੀ। ਗਾਹਕ ਸੇਵਾ ਅਪੀਲ ਦਰਜ ਕਰਦੇ ਹੋਏ ਚੈੱਕ ਬੁਕ ਲਈ ਅਪਲਾਈ ਕਰ ਸਕਦੇ ਹਨ।

11. ਮੈਂ ਇਹ ਸਮਝਦਾ ਹਾਂ ਕਿ ਖਾਤਾ ਅੱਪਗਰੇਡ ਕਰਨ 'ਤੇ ਸਬੰਧਿਤ ਪ੍ਰੋਗਰਾਮ ਦੇ ਤਹਿਤ ਲਾਗੂ ਨਵਾਂ ਡੈਬਿਟ ਕਾਰਡ ਜਾਰੀ ਕੀਤਾ ਜਾਵੇਗਾ ਅਤੇ ਮੌਜੂਦਾ ਕਾਰਡ (ਜੇਕਰ ਕੋਈ ਹੋਵੇ) ਨਵਾਂ ਕਾਰਡ ਜਾਰੀ ਹੋਣ ਦੇ 30 ਦਿਨਾਂ ਅੰਦਰ ਜਾਂ ਨਵੇਂ ਕਾਰਡ ਦੇ ਸਰਗਰਮ ਹੋਣ 'ਤੇ, ਜੋ ਵੀ ਪਹਿਲਾਂ ਹੋਵੇ, ਹੌਟਲਿਸਟ ਕਰ ਦਿੱਤਾ ਜਾਵੇਗਾ।

12. ਨਾਬਾਲਗ, ਗੈਰ-ਨਿੱਜੀ ਇਕਾਈ (ਐਚਯੂਐਫ ਤੋਂ ਇਲਾਵਾ), ਸੈਕੰਡਰੀ/ਸਾਂਝੇ ਧਾਰਕਾਂ ਦੇ ਮਾਮਲੇ ਵਿੱਚ ਅੱਪਗਰੇਡ ਕਰਦੇ ਸਮੇਂ ਕੋਈ ਡੈਬਿਟ ਕਾਰਡ ਜਾਰੀ ਨਹੀਂ ਕੀਤਾ ਜਾਵੇਗਾ। ਜੇਕਰ ਉੱਪਰ ਕਾਰਡ ਅਪੀਲ ਦਰਜ ਕੀਤੀ ਜਾਂਦੀ ਹੈ, ਤਾਂ ਉਸ ਨੂੰ ਰੱਦ ਮੰਨਿਆ ਜਾਵੇਗਾ।

13. ** ਮੈਂ/ਅਸੀਂ ਇਹ ਸਮਝਦੇ ਹਾਂ ਕਿ ਖਾਤੇ ਨੂੰ ਡਾਊਨਗਰੇਡ ਕਰਨ 'ਤੇ ਨਵੇਂ ਚੁਣੇ ਗਏ ਪ੍ਰੋਗਰਾਮ ਦੇ ਤਹਿਤ ਲਾਗੂ ਇਕ ਨਵਾਂ ਡੈਬਿਟ ਕਾਰਡ ਜਾਰੀ ਕੀਤਾ ਜਾਵੇਗਾ ਅਤੇ ਮੌਜੂਦਾ ਕਾਰਡ ਹੌਟਲਿਸਟ ਕਰ ਦਿੱਤਾ ਜਾਵੇਗਾ।

14. ਪਰਿਵਾਰਕ ਪ੍ਰੋਗਰਾਮ ਦੇ ਤਹਿਤ ਦਿੱਤੇ ਜਾਣ ਵਾਲੇ ਸਾਰੇ ਲਾਭ ਏਯੂ ਸਮਾਲ ਫਾਈਨੈਂਸ ਬੈਂਕ ਦੇ ਪੂਰਨ ਵਿਵੇਕ 'ਤੇ ਨਿਰਭਰ ਹਨ। ਬੈਂਕ ਸੈਕੰਡਰੀ ਗਾਹਕ ਦੇ ਇਸ ਖਾਤੇ ਦੇ ਤਹਿਤ ਦਿੱਤੇ ਜਾਣ ਵਾਲੇ ਕਿਸੇ ਵੀ ਲਾਭ ਨੂੰ ਬਦਲਣ, ਵਾਪਸ ਲੈਣ ਜਾਂ ਸੋਧ ਕਰਨ ਦਾ ਅਧਿਕਾਰ ਸੁਰੱਖਿਅਤ ਰੱਖਦਾ ਹੈ।

15. ਪ੍ਰੋਗਰਾਮ ਤੋਂ ਬਾਹਰ ਹੋਣ ਵਾਲੇ ਖਾਤਿਆਂ ਨੂੰ ਲਾਗੂ ਹੋਣ 'ਤੇ ਨਿਯਮਤ ਬੱਚਤ ਖਾਤੇ ਵਿੱਚ ਬਦਲ ਦਿੱਤਾ ਜਾਵੇਗਾ।

16. ਸਾਂਝੇ ਖਾਤਿਆਂ ਦੇ ਮਾਮਲੇ ਵਿੱਚ, ਡੈਬਿਟ ਕਾਰਡ ਸਿਰਫ ਮੁੱਢਲੇ ਖਾਤਾਧਾਰਕ ਨੂੰ ਹੀ ਜਾਰੀ ਕੀਤਾ ਜਾਵੇਗਾ। ਸੈਕੰਡਰੀ ਖਾਤਾਧਾਰਕ ਸ਼ਾਖਾ ਵਿੱਚ ਵੱਖਰੇ ਤੌਰ 'ਤੇ ਅਪੀਲ ਕਰ ਕੇ ਕਾਰਡ ਲਈ ਅਪਲਾਈ ਕਰ ਸਕਦੇ ਹਨ।

17. ਬੈਂਕ ਦੁਆਰਾ ਨਿਰਧਾਰਿਤ ਸਮੂਹੀਕਰਨ ਦਿਸ਼ਾ-ਨਿਰਦੇਸ਼ਾਂ ਦੇ ਆਧਾਰ 'ਤੇ ਅਨੁਮਤੀ ਹਾਸਲ ਚੋਣਵੇਂ ਸਬੰਧਾਂ 'ਤੇ ਵਿਚਾਰ ਕੀਤਾ ਜਾਵੇਗਾ।

18. ਜੇਕਰ ਕਰਤਾ ਨਿੱਜੀ ਰੂਪ ਵਿੱਚ ਜਾਂ ਕਰਤਾ ਦੇ ਰੂਪ ਵਿੱਚ ਸਮੂਹ ਦਾ ਹਿੱਸਾ ਹੈ, ਤਾਂ ਐਚਯੂਐਫ ਗਾਹਕ ਆਈਡੀ ਨੂੰ

ਸਮੂਹੀਕ੍ਰਿਤ ਕੀਤਾ ਜਾ ਸਕਦਾ ਹੈ।

19. ਜੇਕਰ ਟਰੱਸਟ ਦਾ ਲੇਖਕ/ਟਰੱਸਟੀ/ਸੈਟਲਰ (ਫੈਸਲੇ ਲੈਣ ਵਾਲਾ) ਨਿੱਜੀ ਰੂਪ ਵਿੱਚ ਸਮੂਹ ਦਾ ਹਿੱਸਾ ਹੈ, ਤਾਂ ਪਰਿਵਾਰਕ ਟਰੱਸਟ ਗਾਹਕ, ਆਈਡੀ ਨੂੰ ਸਮੂਹੀਕ੍ਰਿਤ ਕੀਤਾ ਜਾ ਸਕਦਾ ਹੈ।

20. ਸਰਕਾਰੀ ਸੰਸਥਾ, ਗੈਰ-ਸਰਕਾਰੀ ਸੰਗਠਨ, ਕਲੱਬ, ਸੁਸਾਇਟੀ, ਸਰਵਜਨਕ ਧਾਰਮਿਕ ਸੰਸਥਾਨ ਨੂੰ ਸਮੂਹੀਕ੍ਰਿਤ ਨਹੀਂ ਕੀਤਾ ਜਾ ਸਕਦਾ।

21. ਲਗਾਤਾਰ 6 ਮਹੀਨਿਆਂ ਤੱਕ ਪ੍ਰੋਗਰਾਮ ਪਾਤਰਤਾ ਮਾਨਦੰਡਾਂ ਦੀ ਪਾਲਣਾ ਨਾ ਕਰਨ ਦੀ ਸਥਿਤੀ ਵਿੱਚ ਖਾਤੇ ਨੂੰ ਡਾਊਨਗਰੇਡ ਕਰ ਦਿੱਤਾ ਜਾਵੇਗਾ। ਏਯੂ ਸਮਾਲ ਫਾਈਨੈਂਸ ਬੈਂਕ ਦੁਆਰਾ ਨਿਰਧਾਰਿਤ ਨਿਯਮ ਅਤੇ ਸ਼ਰਤਾਂ ਲਾਗੂ ਹੋਣਗੀਆਂ। ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰ ਕੇ www.aubank.in ਦੇਖੋ।

## ਆਮ ਨਿਯਮ ਅਤੇ ਸ਼ਰਤਾਂ

1. ਔਸਤ ਮਹੀਨਾਵਾਰੀ ਬੈਲੇਂਸ (ਏਐਮਬੀ) ਦੀ ਗਣਨਾ ਸਬੰਧਿਤ ਮਹੀਨੇ ਦੀ ਮਿਆਦ ਲਈ ਖਾਤੇ ਵਿੱਚ ਦਿਨ ਦੇ ਅੰਤ (ਈਓਡੀ) ਬੈਂਲੇਂਸ ਦੀ ਔਸਤ ਦੇ ਰੂਪ ਵਿੱਚ ਕੀਤੀ ਜਾਂਦੀ ਹੈ। ਉਦਾਹਰਨ ਲਈ (ਦਿਨ 1 ਦਾ ਈਓਡੀ ਬੈਲੇਂਸ + ਦਿਨ 2 ਦਾ ਈਓਡੀ ਬੈਲੇਂਸ+..........+ ਦਿਨ "N" ਦਾ ਈਓਡੀ ਬੈਲੇਂਸ/ ਮਹੀਨੇ ਵਿੱਚ "ਐਨ" ਦਿਨਾਂ ਦੀ ਸੰਖਿਆ) । ਖਾਤਾਧਾਰਕ ਨੂੰ ਸਮੇਂ-ਸਮੇਂ 'ਤੇ ਬੈਂਕ ਦੀ ਸ਼ੁਲਕ ਅਨੁਸੂਚੀ ਵਿੱਚ ਉਲੇਖਿਤ ਖਾਤੇ ਵਿੱਚ ਨਿਰਧਾਰਿਤ ਔਸਤ ਮਹੀਨਾਵਾਰੀ/ਤਿਮਾਹੀ ਔਸਤ ਬੈਲੇਂਸ ਬਣਾਈ ਨਾ ਰੱਖਣ 'ਤੇ ਬੈਂਕ ਦੁਆਰਾ ਸਮੇਂ-ਸਮੇਂ 'ਤੇ ਨਿਰਧਾਰਿਤ ਸੇਵਾ ਸ਼ੁਲਕ ਲਾਗੂ ਹੋਣਗੇ ਜੋ ਕਿ ਬੈਂਕ ਦੀ ਵੈਬਸਾਈਟ www.aubank.in. 'ਤੇ ਉਪਲੱਬਧ ਹਨ।

2. ਪੈਨ ਦੀ ਗੈਰ-ਮੌਜੂਦਗੀ ਵਿੱਚ, ਕੁੱਲ ਨਕਦ ਜਮਾਂ ਅਤੇ ਨਕਦ ਨਿਕਾਸੀ ਸਿਰਫ ਆਮਦਨ ਕਰ ਐਕਟ, 1961 ਦੇ ਤਹਿਤ ਨਿਰਧਾਰਿਤ ਸੀਮਾ ਤੱਕ ਹੀ ਅਨੁਮਤੀ ਹਾਸਲ ਹਨ।

3. ਜੇਕਰ ਕਿਸੇ ਵਿਅਕਤੀ ਦੁਆਰਾ ਰੱਖੇ ਗਏ ਸਾਰੇ ਖਾਤਿਆਂ ਤੋਂ ਕੱਢੀ ਗਈ ਕੁੱਲ ਨਕਦੀ ਆਮਦਨ ਕਰ ਐਕਟ ਦੇ ਤਹਿਤ ਨਿਰਧਾਰਿਤ ਰਾਸ਼ੀ ਤੋਂ ਵੱਧ ਹੈ, ਤਾਂ ਬੈਂਕ ਦੀ ਸਰੋਤ 'ਤੇ ਕਰ ਕਟੌਤੀ ਕਰਨ ਦੀ ਵਿਧਾਨਿਕ ਜ਼ਿੰਮੇਵਾਰੀ ਹੈ। ਬੈਂਕ ਕੱਟੀ ਗਈ ਕਰ ਦੀ ਰਾਸ਼ੀ ਲਈ ਕਰ ਕਟੌਤੀ ਸੈਰਟੀਫਿਕੇਟ (ਟੀਡੀਐਸ ਸੈਰਟੀਫਿਕੇਟ) ਜਾਰੀ ਕਰੇਗਾ।

4. ਜੇਕਰ ਭਾਰਤੀ ਰਿਜ਼ਰਵ ਬੈਂਕ ਦੀ ਲਿਬਰਲਾਈਜ਼ਡ ਰੈਮੀਟੈਂਸ ਸਕੀਮ (ਐਲਆਰਐਸ) ਦੇ ਤਹਿਤ ਕੁੱਲ ਵਿਦੇਸ਼ੀ ਰੈਮੀਟੈਂਸ ਆਮਦਨ ਕਰ ਐਕਟ ਦੇ ਤਹਿਤ ਨਿਰਧਾਰਿਤ ਰਾਸ਼ੀ ਤੋਂ ਵੱਧ ਹੈ, ਤਾਂ ਬੈਂਕ ਦੀ ਸਰੋਤ 'ਤੇ ਕਰ ਇਕੱਠਾ ਕਰਨ ਦੀ ਵਿਧਾਨਿਕ ਜ਼ਿੰਮੇਵਾਰੀ ਹੈ। ਬੈਂਕ ਇਕੱਠੇ ਕੀਤੇ ਗਏ ਕਰ ਦੀ ਰਾਸ਼ੀ ਲਈ ਕਰ ਕਟੌਤੀ ਸੈਰਟੀਫਿਕੇਟ (ਟੀਡੀਐਸ ਸੈਰਟੀਫਿਕੇਟ) ਜਾਰੀ ਕਰੇਗਾ।

5. ਜਿਹਨਾਂ ਖਾਤਿਆਂ ਵਿੱਚ ਆਰਬੀਆਈ ਦੇ ਮਾਨਦੰਡਾਂ (ਵਿੱਤੀ ਅਤੇ ਗੈਰ-ਵਿੱਤੀ ਲੈਣ-ਦੇਣ ਜਾਂ ਕੇਵਾਈਸੀ ਅੱਪਡੇਟ) ਦੇ ਅਨੁਸਾਰ 2 ਸਾਲਾਂ ਦੀ ਨਿਰੰਤਰ ਮਿਆਦ ਵਾਸਤੇ ਗਾਹਕ ਪ੍ਰੇਰਿਤ ਲੈਣ-ਦੇਣ ਨਹੀਂ ਹੋਇਆ ਹੈ, ਉਹਨਾਂ ਨੂੰ ਅਕਿਰਿਆਸ਼ੀਲ/ਪੈਸਿਵ ਖਾਤਾ ਮੰਨਿਆ ਜਾਵੇਗਾ। ਸੇਵਾ ਸ਼ੁਲਕ, ਹਾਸਲ ਬੱਚਤ ਵਿਆਜ ਨੂੰ ਗਾਹਕ ਪ੍ਰੇਰਿਤ ਲੈਣ-ਦੇਣ ਨਹੀਂ ਮੰਨਿਆ ਜਾਵੇਗਾ।

ਗਾਹਕ ਪ੍ਰੇਰਿਤ ਲੈਣ-ਦੇਣ ਦੀ ਸੂਚੀ ਵਾਸਤੇ ਕਿਰਪਾ ਕਰ ਕੇ ਹੇਠਾਂ ਦਿੱਤੇ ਗਏ ਸਰਕੂਲਰ ਨੂੰ ਦੇਖੋ: https://rbi.org.in/Scripts/BS_CircularIndexDisplay.aspx?Id=12589

6. ਅਪੀਲ ਕਰਨ 'ਤੇ ਗਾਹਕਾਂ ਨੂੰ ਮੁਫਤ ਪਾਸਬੁੱਕ ਜਾਰੀ ਕੀਤੀ ਜਾਂਦੀ ਹੈ, ਨਹੀਂ ਤਾਂ ਰਜਿਸਟਰਡ ਈਮੇਲ ਆਈਡੀ 'ਤੇ ਮਹੀਨਾਵਾਰੀ ਵੇਰਵੇ ਮੁਫਤ ਭੇਜੇ ਜਾਣਗੇ। ਖਾਤੇ ਵਿੱਚ ਰਜਿਸਟਰਡ ਈਮੇਲ ਆਈਡੀ ਨਾ ਹੋਣ 'ਤੇ, ਗਾਹਕ ਨੂੰ ਮੁਫਤ ਛਿਮਾਹੀ ਭੌਤਿਕ ਵੇਰਵੇ ਭੇਜੇ ਜਾਣਗੇ। ਗਾਹਕ ਖਾਤਾ ਵੇਰਵੇ ('ਐਸਓਏ') ਵਿੱਚ ਐਂਟਰੀਆਂ ਦੀ ਜਾਂਚ ਕਰੇਗਾ। ਖਾਤਾਧਾਰਕ ਵੇਰਵੇ ਵਿੱਚ ਉਲੇਖਿਤ ਵੇਰਵਿਆਂ ਵਿੱਚ ਖਾਤਾਧਾਰਕ ਦੁਆਰਾ ਪਛਾਣੀ ਗਈ ਕਿਸੇ ਵੀ ਅਨਿਯਮਿੱਤਤਾ ਜਾਂ ਤਰੁੱਟੀ ਬਾਰੇ ਐਸਓਏ ਭੇਜਣ ਦੇ 14 ਦਿਨਾਂ ਦੇ ਅੰਦਰ ਏਯੂ ਸਮਾਲ ਫਾਈਨੈਂਸ ਬੈਂਕ ਨੂੰ ਸੂਚਿਤ ਕਰੇਗਾ ਨਹੀਂ ਤਾਂ ਇਸ ਨੂੰ ਖਾਤਾਧਾਰਕ ਦੁਆਰਾ ਸਵੀਕਾਰਯੋਗ ਮੰਨਿਆ ਜਾਵੇਗਾ। ਬੈਂਕ ਕਿਸੇ ਵੀ ਸਮੇਂ ਖਾਤਾ ਵੇਰਵੇ ਵਿੱਚ ਕਿਸੇ ਵੀ ਤਰੁੱਟੀ ਨੂੰ ਸੁਧਾਰਨ ਦਾ ਅਧਿਕਾਰ ਸੁਰੱਖਿਅਤ ਰੱਖਦਾ ਹੈ। ਅਪੀਲ ਕਰਨ 'ਤੇ ਗਾਹਕ ਨੂੰ ਵੱਖ-ਵੱਖ ਉਪਲੱਬਧ ਮਾਧਿਅਮਾਂ ਨਾਲ ਖਾਤੇ ਦਾ ਡੂਪਲੀਕੇਟ ਵੇਰਵਾ ਮੁਹੱਈਆ ਕਰਾਇਆ ਜਾਵੇਗਾ।

7. ਮੈਂ ਇਸ ਨਾਲ ਸਹਿਮਤ ਹਾਂ ਕਿ ਮੇਰੇ ਖਾਤੇ ਦੇ ਸੰਚਾਲਨ ਦੇ ਤਰੀਕੇ ਵਿੱਚ ਕੋਈ ਵੀ ਸੋਧ ਬੈਂਕ ਦੁਆਰਾ ਮੇਰੇ ਖਾਤੇ ਦੇ ਸਾਰੇ ਸਾਂਝੇ ਧਾਰਕਾਂ ਦੀ ਸਹਿਮਤੀ ਨਾਲ ਕੀਤੀ ਜਾ ਸਕਦੀ ਹੈ। ਮੈਂ ਇਹ ਸਵੀਕਾਰ ਕਰਦਾ/ਕਰਦੀ ਹਾਂ ਕਿ ਬੈਂਕ ਮੇਰੇ ਖਾਤੇ ਦੇ ਸਾਰੇ ਸਾਂਝੇ ਧਾਰਕਾਂ ਦੀ ਸਹਿਮਤੀ ਦੇ ਬਗੈਰ ਹਾਸਲ ਕੀਤੀ ਗਈ ਕਿਸੇ ਵੀ ਸੋਧ ਅਪੀਲ 'ਤੇ ਵਿਚਾਰ ਨਹੀਂ ਕਰੇਗਾ। ਮੈਂ ਅੱਗੇ ਇਸ ਨਾਲ ਸਹਿਮਤ ਹਾਂ ਅਤੇ ਇਹ ਸਵੀਕਾਰ ਕਰਦਾ/ਕਰਦੀ ਹਾਂ ਕਿ ਉਸ ਸਮੇਂ ਤੱਕ ਬੈਂਕ ਖਾਤਾ ਖੋਲਦੇ ਸਮੇਂ ਜਾਂ ਉਸ ਤੋਂ ਬਾਅਦ ਸਹਿਮਤ ਸੰਚਾਲਨ ਤਰੀਕੇ ਦੇ ਅਨੁਸਾਰ ਨਿਰਦੇਸ਼ਾਂ ਦੀ ਪਾਲਣਾ ਕਰਦਾ ਰਹੇਗਾ।

8. ਮੈਂ ਇਸ ਨਾਲ ਸਹਿਮਤ ਹਾਂ ਕਿ ਆਮ ਹਾਲਾਤ ਵਿੱਚ, ਬੈਂਕ ਆਪਣੀਆਂ ਅੰਦਰੂਨੀ ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਅਨੁਸਾਰ ਮੈਨੂੰ ਘੱਟੋ-ਘੱਟ 30 ਦਿਨਾਂ ਦਾ ਨੋਟਿਸ ਦੇ ਕੇ ਮੇਰਾ ਖਾਤਾ ਬੰਦ ਕਰਨ ਦਾ ਅਧਿਕਾਰ ਰੱਖਦਾ ਹੈ। ਹਾਲਾਂਕਿ ਖਾਤਿਆਂ ਦੇ ਅਣਉਚਿਤ ਸੰਚਾਲਨ, ਜਿਵੇਂਕਿ ਵੱਡੀ ਸੰਖਿਆ ਵਿੱਚ ਚੈੱਕ ਵਾਪਸੀ ਦੀ ਸਥਿਤੀ ਵਿੱਚ ਬੈਂਕ ਬਗੈਰ ਕੋਈ ਪੂਰਵ ਸੂਚਨਾ ਦਿੱਤੇ ਮੇਰਾ ਖਾਤਾ ਬੰਦ ਕਰਨ ਦਾ ਅਧਿਕਾਰ ਸੁਰੱਖਿਅਤ ਰੱਖਦਾ ਹੈ।

9. ਮੈਂ ਇਸ ਨਾਲ ਸਹਿਮਤ ਹਾਂ ਕਿ ਬੈਂਕ ਆਪਣੇ ਪੂਰਨ ਵਿਵੇਕ 'ਤੇ ਮੈਨੂੰ ਘੱਟੋ-ਘੱਟ 30 ਦਿਨਾਂ ਦਾ ਨੋਟਿਸ ਦੇ ਕੇ ਮੇਰੇ ਖਾਤੇ ਵਿੱਚ ਦਿੱਤੀ ਗਈ ਕਿਸੇ ਵੀ ਸੇਵਾ/ਸਹੂਲਤ ਵਿੱਚ ਕਿਸੇ ਵੀ ਸਮੇਂ ਪੂਰੀ ਤਰਾਂ ਜਾਂ ਅੰਸ਼ਿਕ ਰੂਪ ਵਿੱਚ ਸੋਧ ਕਰ ਸਕਦਾ ਹੈ ਅਤੇ/ਜਾਂ ਮੈਨੂੰ ਹੋਰਨਾਂ ਸੇਵਾਵਾਂ/ਸਹੂਲਤਾਂ 'ਤੇ ਸਵਿੱਚ ਕਰਨ ਦਾ ਵਿਕਲਪ ਪ੍ਰਦਾਨ ਕਰ ਸਕਦਾ ਹੈ।

10. ਮੈਂ ਇਸ ਨਾਲ ਸਹਿਮਤ ਹਾਂ ਕਿ ਖਾਤਾ ਖੋਲਦੇ ਸਮੇਂ ਸਾਂਝਾ ਕੀਤੇ ਗਏ ਦਸਤਾਵੇਜ਼ਾਂ ਵਿੱਚ ਕਿਸੇ ਵੀ ਬਦਲਾਵ/ਅੱਪਡੇਟ ਹੋਣ 'ਤੇ, ਉਸ ਨੂੰ ਅਜਿਹੇ ਬਦਲਾਵ ਦੇ 30 ਦਿਨਾਂ ਅੰਦਰ ਬੈਂਕ ਨੂੰ ਪੇਸ਼ ਕਰਨਾ ਪਵੇਗਾ।

11. ਮੈਂ ਇਸ ਨਾਲ ਸਹਿਮਤ ਹਾਂ ਕਿ ਬੈਂਕ ਨਾਲ ਆਪਣੇ ਸੰਚਾਰ ਵੇਰਵੇ (ਈਮੇਲ, ਮੋਬਾਈਲ ਨੰਬਰ, ਪਤਾ) ਨੂੰ ਅੱਪਡੇਟ ਰੱਖਣਾ ਮੇਰੀ ਜ਼ਿੰਮੇਵਾਰੀ ਹੈ। ਜੇਕਰ ਅੱਪਡੇਟ ਨਾ ਹੋਣ ਕਾਰਨ ਕੋਈ ਜਾਣਕਾਰੀ ਮੇਰੇ ਤੱਕ ਨਹੀਂ ਪਹੁੰਚਦੀ ਹੈ, ਤਾਂ ਬੈਂਕ ਇਸ ਲਈ ਜ਼ਿੰਮੇਦਾਰ ਨਹੀਂ ਹੋਵੇਗਾ।

12. ਨਿਆਮਕ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਨਾਮਜ਼ਦਗੀ ਸਿਰਫ ਵਿਅਕਤੀਆਂ ਅਤੇ ਸਿੰਗਲ ਮਾਲਕ ਦੇ ਪੱਖ ਵਿੱਚ ਹੀ ਕੀਤੀ ਜਾ ਸਕਦੀ ਹੈ। ਜੇਕਰ ਨਾਮਜ਼ਦ ਵਿਅਕਤੀ ਨਾਬਾਲਗ ਹੈ, ਤਾਂ ਦਾਅਵੇ ਦੀ ਸਥਿਤੀ ਵਿੱਚ ਰਾਸ਼ੀ ਹਾਸਲ ਕਰਨ ਵਾਸਤੇ ਕਿਸੇ ਹੋਰ ਬਾਲਗ ਵਿਅਕਤੀ ਨੂੰ ਗਾਰਡੀਅਨ ਦੇ ਰੂਪ ਵਿੱਚ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ, ਜਦੋਂ ਤੱਕ ਕਿ ਨਾਮਜ਼ਦ ਵਿਅਕਤੀ ਨਾਬਾਲਗ ਹੈ। ਗਾਹਕ ਆਪਣੇ ਜੀਵਨ ਕਾਲ ਵਿੱਚ ਖਾਤੇ ਵਿੱਚ ਨਾਮਜ਼ਦਗੀ ਸ਼ਾਮਲ ਕਰ ਸਕਦਾ ਹੈ ਜਾਂ ਫਿਰ ਮੌਜੂਦਾ

ਨਾਮਜ਼ਦਗੀ ਵੇਰਵੇ ਨੂੰ ਬਦਲ/ਸੋਧ ਕਰ ਸਕਦਾ ਹੈ। ਗਾਹਕ ਨੂੰ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਨਵੀਂ ਨਾਮਜ਼ਦਗੀ ਜਾਂ ਫਿਰ ਮੌਜੂਦਾ ਨਾਮਜ਼ਦਗੀ ਵੇਰਵੇ ਵਿੱਚ ਬਦਲਾਵ/ਸੋਧ ਲਈ ਅਜਿਹੇ ਸਾਰੇ ਲੈਣ-ਦੇਣ ਦੀ ਰਸੀਦ ਹਾਸਲ ਹੋਵੇ। ਹਾਲਾਂਕਿ ਬੈਂਕ ਨਾਮਜ਼ਦਗੀ ਸਹੂਲਤ ਦੇ ਲਾਭਾਂ ਬਾਰੇ ਦੱਸੇਗਾ, ਪਰ ਫਿਰ ਵੀ ਜੇਕਰ ਖਾਤਾ ਖੋਲਣ ਵਾਲਾ ਗਾਹਕ ਨਾਮਜ਼ਦਗੀ ਨਹੀਂ ਕਰਨੀ ਚਾਹੁੰਦਾ ਹੈ, ਤਾਂ ਉਸ ਨੂੰ ਬੈਂਕ ਦੇ ਰਿਕਾਰਡ ਵਿੱਚ ਨਾਮਜ਼ਦਗੀ ਨਾ ਕਰਨ ਦੀ ਸਹਿਮਤੀ ਦੇਣੀ ਪਵੇਗੀ।

13. ਡਿਲਿਵਰੀਯੋਗ ਚੀਜ਼ਾਂ ਜਿਵੇਂਕਿ ਚੈੱਕ ਬੁੱਕ ਆਦਿ ਨੂੰ ਏਯੂ ਸਮਾਲ ਫਾਈਨੈਂਸ ਬੈਂਕ ਦੇ ਕੋਲ ਉਪਲੱਬਧ ਨਵੀਨਤਮ ਰਿਕਾਰਡ ਦੇ ਅਨੁਸਾਰ ਗਾਹਕ ਦੇ ਡਾਕ/ਸੰਚਾਰ ਪਤੇ ’ਤੇ ਭੇਜਿਆ ਜਾਵੇਗਾ ਅਤੇ ਅਜਿਹੀ ਡਿਲਿਵਰੀ ਨੂੰ ਸਹੀ ਅਤੇ ਉੱਚਿਤ ਡਿਲਿਵਰੀ ਮੰਨਿਆ ਜਾਵੇਗਾ। ਗਾਹਕ ਬੈਂਕ ਦੁਆਰਾ ਭੇਜੀਆਂ ਗਈਆਂ ਡਿਲਿਵਰੀ ਵਾਲੀਆਂ ਚੀਜ਼ਾਂ ਦੀ ਸੁਰੱਖਿਆ ਅਤੇ ਗੁਪਤਤਾ ਲਈ ਪੂਰੀ ਤਰਾਂ ਨਾਲ ਜ਼ਿੰਮੇਵਾਰ ਹੋਵੇਗਾ ਅਤੇ ਉਹ ਇਹ ਵੀ ਸੁਨਿਸ਼ਚਿਤ ਕਰੇਗੇ ਕਿ ਕਿਸੇ ਵੀ ਵਿਅਕਤੀ ਨੂੰ ਉਹਨਾਂ ਤੱਕ ਅਣ-ਅਧਿਕਾਰਤ ਪਹੁੰਚ ਨਾ ਹੋਵੇ। ਹਾਨੀ/ਚੋਰੀ ਦੇ ਮਾਮਲੇ ਵਿੱਚ, ਗਾਹਕ ਨੂੰ ਬੈਂਕ ਨੂੰ ਲਿਖਿਤ ਰੂਪ ਵਿੱਚ ਸੂਚਿਤ ਕਰਨਾ ਪਵੇਗਾ ਜਾਂ ਫਿਰ ਆਈਵੀਆਰ ਦੇ ਮਾਧਿਅਮ ਨਾਲ ਗਾਹਕ ਸੇਵਾ ਕੇਂਦਰ ’ਤੇ ਤੱਤਕਾਲ ਆਧਾਰ ’ਤੇ ਅਪੀਲ ਦਰਦ ਕਰਨੀ ਪਵੇਗੀ।

14. ਮੈਂ/ਅਸੀਂ ਇਸ ਦੇ ਦੁਆਰਾ ਬੈਂਕ ਨੂੰ ਅਧਿਕਾਰਤ ਕਰਦਾ/ਕਰਦੀ/ਕਰਦੇ ਹਾਂ ਅਤੇ ਸਹਿਮਤੀ ਦਿੰਦੇ ਹਾਂ ਕਿ ਉਹ (i) ਮੇਰੀ/ਸਾਡੀ ਸਥਾਈ ਖਾਤਾ ਸੰਖਿਆ, ਜਨਮ ਤਾਰੀਕ ਅਤੇ ਬੈਂਕ ਕੋਲ ਉਪਲੱਬਧ ਹੋਰ ਜਨਸੰਖਿਅਕੀ ਵੇਰਵਿਆਂ ਦੇ ਉਪਯੋਗ ਕਰਦੇ ਹੋਏ ਟੀਡੀਐਸ ਸੁਲਾਹ ਵਿਸ਼ਲੇਸ਼ਣ ਅਤੇ ਸੁਧਾਰ ਸਮਰੱਥ ਪ੍ਰਣਾਲੀ-ਆਮਦਨ ਕਰ ਵਿਭਾਗ ਦੀ ਵੈਬਸਾਈਟ/ਐਨਐਸਡੀਐਲ/ਕਿਸੇ ਹੋਰ ਵੈਬਸਾਈਟ ਤੋਂ ਮੇਰੇ/ਸਾਡੇ ਸਾਲਾਨਾ ਕਰ ਕਰੈਡਿਟ ਵੇਰਵੇ/ਫਾਰਮ 26 ਏਐਸ/ਟੀਡੀਐਸ ਸੈਰਟੀਫਿਕਟੇ ਨੂੰ ਦੇਖ/ਇਕੱਠਾ ਕਰ ਅਤੇ ਡਾਊਨਲਾਊਡ ਕਰ ਸਕਦਾ ਹੈ (ii) ਮੇਰੇ/ਸਾਡੇ ਦੁਆਰਾ ਸਮੇਂ-ਸਮੇਂ ’ਤੇ ਬੈਂਕ ਤੋਂ ਹਾਸਲ ਸਹੂਲਤਾਂ ਦੇ ਸਬੰਧ ਵਿੱਚ ਬੈਂਕ ਦੁਆਰਾ ਹੁਣ ਜਾਂ ਇਸ ਤੋਂ ਬਾਅਦ ਸੰਚਾਲਿਤ/ਸੰਚਾਲਿਤ ਕੀਤੀਆਂ ਜਾਣ ਵਾਲੀਆਂ ਐਪਲੀਕੇਸ਼ਨਾਂ/ਸਬੰਧਿਤ ਦਸਤਾਵੇਜ਼ਾਂ ਵਿੱਚ ਮੇਰੇ ਸਾਡੇ ਦੁਆਰਾ ਦਿੱਤੀ ਗਈ ਜਾਣਕਾਰੀ/ਡੈਟਾ ਦਾ ਖੁਲਾਸਾ ਬੈਂਕ ਦੀਆਂ ਹੋਰ ਸ਼ਾਖਾਵਾਂ/ ਸਹਾਇਕ ਕੰਪਨੀਆਂ/ਸਹਿਯੋਗੀਆਂ/ਕਰੈਡਿਟ ਬਿਊਰੋ/ਰੇਟਿੰਗ ਏਜੰਸੀਆ/ ਸੇਵਾ ਪ੍ਰਦਾਤਾਵਾਂ, ਬੈਂਕਾਂ/ਵਿੱਤੀ ਸੰਸਥਾਵਾਂ, ਸਰਕਾਰੀ/ਨਿਆਮਕ ਅਥਾਰਟੀਆਂ ਜਾਂ ਤੀਸਰੇ ਪੱਖ ਨੂੰ ਸੂਚਨਾ ਤਸਦੀਕ, ਕਰੈਡਿਟ ਜ਼ੋਖਮ ਵਿਸ਼ਲੇਸ਼ਣ ਜਾਂ ਹੋਰ ਸਬੰਧਿਤ ਉਦੇਸ਼ ਲਈ ਕਰ ਸਕਦਾ ਹੈ ਜੋ ਵੀ ਬੈਂਕ ਉੱਚਿਤ ਸਮਝੇ। ਮੈਂ/ਅਸੀਂ ਇਹ ਸਵੀਕਾਰ ਕਰਦੇ ਹਾਂ ਕਿ ਬੈਂਕ ਦੁਆਰਾ ਅਥਾਰਿਟੀ ਦਾ ਉਪਯੋਗ ਮੇਰੇ/ਸਾਡੇ ਲਾਭ ਅਤੇ ਸੇਵਾ ਲਈ ਹੈ, ਇਸ ਅਨੁਸਾਰ ਮੈਂ/ਅਸੀਂ ਕਰਾਰ ਦੀ ਗੁਪਤਤਾ ਅਤੇ ਨਿੱਜਤਾ ਲਈ ਵਿਸ਼ੇਸ਼ ਅਧਿਕਾਰ ਦਾ ਤਿਆਗ ਕਰਦੇ ਹਾਂ।

15. ਖੰਡ ਦਾ ਅੱਪਗਰੇਡ ਅਤੇ ਡਾਊਨਗਰੇਡ: ਮੈਂ ਇਹ ਸਮਝਦਾ/ਸਮਝਦੀ ਹਾਂ ਕਿ ਖਾਤਿਆਂ/ਖੰਡਾਂ (ਜਿੱਥੇ ਵੀ ਲਾਗੂ ਹੋਵੇ) ਦੀ ਸਮੇਂ-ਸਮੇਂ ’ਤੇ ਦੋ ਕੈਲੰਡਰੀ ਤਿਮਾਹੀਆਂ (ਰੋਲਿੰਗ) ਦੀ ਮਿਆਦ ਲਈ ਸਮੀਖਿਆ ਕੀਤੀ ਜਾਵੇਗੀ ਜਿਸ ਵਿੱਚ ਕਿ ਔਸਤ ਛਿਮਾਹੀ ਬਾਕੀ ਰਾਸ਼ੀ ਯਾਨੀ ਕਿ 180 ਦਿਨਾਂ ਦੀ ਔਸਤ ਬਾਕੀ ਰਾਸ਼ੀ ਲਈ ਖਾਤਾ ਖੋਲਣ ਦੀ ਕੈਲੰਡਰੀ ਤਿਮਾਹੀ ਸ਼ਾਮਲ ਨਹੀਂ ਹੈ। ਨਿਰਧਾਰਿਤ ਸੀਮਾਵਾਂ ਨੂੰ ਪੂਰਾ ਕਰਨ/ਪੂਰਾ ਨਾ ਕਰਨ ਵਾਲੇ ਖਾਤਿਆਂ ਲਈ ਲਿੰਕ ਕੀਤੇ ਗਏ ਪੈਕੇਜ ਨੂੰ ਕ੍ਰਮਵਾਰ ਅੱਪਗਰੇਡ/ਡਾਊਨਗਰੇਡ ਕੀਤਾ ਜਾਵੇਗਾ। ਸਬੰਧਿਤ ਪੈਕੇਜ ਲਈ ਲਾਗੂ ਸ਼ੁਲਕ ਦੀ ਅਨੁਸੂਚੀ ਅੱਪਗਰੇਡ/ਡਾਊਨਗਰੇਡ ਤੋਂ ਬਾਅਦ ਲਾਗੂ ਹੋਵੇਗੀ। ਬੈਂਕ ਈਮੇਲ/ਐਸਐਮਐਸ ਦੇ ਮਾਧਿਅਮ ਨਾਲ ਗਾਹਕਾਂ ਨੂੰ ਉੱਚਿਤ ਸੰਚਾਰ ਸੁਨਿਸ਼ਚਿਤ ਕਰੇਗਾ। ਅੱਪਗਰੇਡ/ਡਾਊਨਗਰੇਡ ਦੀਆਂ ਸੀਮਾਵਾਂ ਕ੍ਰਮਵਾਰ ਸ਼ੁਲਕ ਦੀ ਅਨੁਸੂਚੀ ਦੇ ਤਹਿਤ ਵੈਬਸਾਈਟ ’ਤੇ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ।

16. ਇੱਥੇ ਵਰਤੇ ਗਏ ਪਰ ਪਰਿਭਾਸ਼ਿਤ ਨਾ ਕੀਤੇ ਗਏ ਵੱਡੇ ਅੱਖਰਾਂ ਵਾਲੇ ਸ਼ਬਦਾਂ ਦਾ ਅਰਥ www.aubank.in

ਵੈਬਸਾਈਟ ’ਤੇ ਪ੍ਰਦਰਸ਼ਿਤ ਨਿਯਮਾਂ ਅਤੇ ਸ਼ਰਤਾਂ ਵਿੱਚ ਉਲੇਖਿਤ ਅਰਥ ਹੋਵੇਗਾ। ਨਿਯਮਾਂ ਅਤੇ ਸ਼ਰਤਾਂ ਦਾ ਪੂਰਾ ਸੰਸਕਰਨ ਦੇਖਣ/ਹਾਸਲ ਕਰਨ ਲਈ ਕਿਰਪਾ ਕਰ ਕੇ ਸਾਡੀ ਵੈਬਸਾਈਟ www.aubank.in ਜਾਂ ਏਯੂ ਸਮਾਲ ਫਾਈਨੈਂਸ ਬੈਂਕ ਦੀ ਨੇੜਲੀ ਸ਼ਾਖਾ ’ਤੇ ਜਾਓ।

17. ਮੈਂ ਬੈਂਕ ਦੇ ਨਿਯਮਾਂ ਅਤੇ ਸ਼ਰਤਾਂ ਅਤੇ ਲਾਗੂ ਨਿਯਮਾਂ ਅਤੇ ਸਮੇਂ-ਸਮੇਂ ’ਤੇ ਮੇਰੇ ਖਾਤੇ ਨਾਲ ਸਬੰਧਿਤ ਨਿਯਮਾਂ ਅਤੇ ਸ਼ਰਤਾਂ ਵਿੱਚ ਹੋਏ ਬਦਲਾਵਾਂ ਦੀ ਪਾਲਣਾ ਕਰਨ ਲਈ ਸਹਿਮਤ ਹਾਂ ਜਿਵੇਂਕਿ ਬੈਂਕ ਦੀ ਵੈਬਸਾਈਟ ’ਤੇ ਸੂਚਿਤ ਅਤੇ ਉਪਲੱਬਧ ਕਰਾਇਆ ਗਿਆ ਹੈ।

## ਡੈਬਿਟ ਕਾਰਡ

1. ਡੈਬਿਟ ਕਾਰਡ ਕਿਸੇ ਖਾਤਾਧਾਰਕ/ਆਦੇਸ਼/ਪੀਓਏ ਧਾਰਕ (ਖਾਤਾ ਧਾਰਕ ਲਈ ਵਿਸ਼ੇਸ਼ ਬੋਰਡ ਸੰਕਲਪ/ਖਾਤਾ ਧਾਰਤ ਤੋਂ ਅਥਾਰਿਟੀ ਦੇ ਆਧਾਰ ’ਤੇ) ਨਾਬਾਲਗ (10 ਸਾਲ ਤੋਂ ਵੱਧ ਉਮਰ) ਨੂੰ ਉਸ ਦੇ ਖਾਤੇ ਦੇ ਸਬੰਧ ਵਿੱਚ ਜਾਰੀ ਕੀਤਾ ਜਾਵੇਗਾ ਤਾਂ ਜੋ ਕਿ ਉਹ ਸਮੇਂ-ਸਮੇਂ ’ਤੇ ਵੱਖ-ਵੱਖ ਕਿਸਮ ਦੇ ਲੈਣ-ਦੇਣ, ਜਿਹਨਾਂ ਵਿੱਚ ਕਿ ਏਟੀਐਮ/ਈਡੀਸੀ/ਪੀਓਐਸ ਟਰਮੀਨਲ/ਕਿਓਸਿਕ/ਇੰਟਰਨੈੱਟ ਪੇਮੈਂਟ ਗੇਟਵੇ (ਅਰਥਾਤ "ਭੁਗਤਾਨ ਚੈਨਲ") ਸ਼ਾਮਲ ਹਨ, ਸੰਚਾਲਿਤ ਕਰ ਸਕੇ ਅਤੇ ਇਹ ਖਾਤਾਧਾਰਕ ਦੀ ਵਿਸ਼ੇਸ਼ ਲਿਖਿਤ ਅਪੀਲ ਤੋਂ ਬਾਅਦ ਜਾਰੀ ਕੀਤਾ ਜਾਂਦਾ ਹੈ।

2. ਬੈਂਕ ਡੈਬਿਟ ਕਾਰਡ ਅਤੇ ਏਟੀਐਮ ਸਹੂਲਤਾਂ ਲਈ ਬੈਂਕ ਦੀ ਵੈਬਸਾਈਟ ’ਤੇ ਪ੍ਰਦਰਸ਼ਿਤ ਜਾਂ ਫਿਰ ਬੈਂਕ ਦੀਆਂ ਸ਼ਾਖਾਵਾਂ ਵਿੱਚ ਉਪਲੱਬਧ ਸ਼ੁਲਕ/ਚਾਰਜ ਦੀ ਅਨੁਸੂਚੀ ਦੇ ਅਨੁਸਾਰ ਸ਼ੁਲਕ ਲਵੇਗਾ। ਇਹ ਸ਼ੁਲਕ ਜਾਂ ਤਾਂ ਲੈਣ-ਦੇਣ ਦੇ ਨਾਲ ਔਨਲਾਈਨ, ਲੈਣ-ਦੇਣ ਤੋਂ ਬਾਅਦ ਜਾਂ ਸ਼ੁਲਕ/ਚਾਰਜ ਦੀ ਕਿਸਮ ਦੇ ਅਨੁਸਾਰ ਉਲੇਖਿਤ ਅੰਦਰੂਨੀ ਰੂਪ ਵਿੱਚ ਡੈਬਿਟ ਕੀਤੇ ਜਾਣਗੇ।

3. ਏਯੂ ਸਮਾਲ ਫਾਈਨੈਂਸ ਬੈਂਕ ਅਤੇ ਹੋਰਨਾਂ ਬੈਂਕਾਂ ਦੇ ਏਟੀਐਮ ’ਤੇ ਰੋਜ਼ਾਨਾ ਨਕਦ ਨਿਕਾਸੀ ਰਾਸ਼ੀ ਅਤੇ ਮੁਫਤ ਲੈਣ-ਦੇਣ ਬੈਂਕ ਦੁਆਰਾ ਨਿਰਧਾਰਿਤ ਸੀਮਾ ਦੇ ਅਧੀਨ ਹੋਣਗੇ।

4. ਏਟੀਐਮ ’ਤੇ ਸਾਰੇ ਨਕਦਮ ਅਤੇ ਚੈੱਕ ਜਮਾਂ ਬੈਂਕ/ਬੈਂਕ ਦੇ ਨੁਮਾਇੰਦਿਆਂ ਦੁਆਰਾ ਤਸਦੀਕ ਦੇ ਅਧੀਨ ਹੋਣਗੇ ਅਤੇ ਤਸਦੀਕ ਰਾਸ਼ੀ ਕਾਰਡ ਧਾਰਕ ਲਈ ਲਾਜ਼ਮੀ ਹੋਵੇਗੀ।

5. ਪੀਓਐਸ ਲੈਣ-ਦੇਣ ਦੇ ਮਾਮਲੇ ਵਿੱਚ, ਬੈਂਕ ਕਾਰਡਧਾਰਕ ਅਤੇ ਵਪਾਰੀ ਵਿਚਾਲੇ ਕਿਸੇ ਵੀ ਲੈਣ-ਦੇਣ ਲਈ ਜ਼ਿੰਮੇਵਾਰ ਨਹੀਂ ਹੋਵੇਗਾ।

6. ਡੈਬਿਟ ਕਾਰਡ ਦਾ ਉਪਯੋਗ ਕਰਨ ਵਾਸਤੇ ਖਾਤਾਧਾਰਕ ਦੁਆਰਾ ਨਿੱਜੀ ਪਛਾਣ ਸੰਖਿਆ (ਪਿੰਨ) ਕਿਸੇ ਵੀ ਹਾਲਾਤ ਵਿੱਚ ਕਿਸੇ ਵੀ ਵਿਅਕਤੀ ਨੂੰ ਨਹੀਂ ਦੱਸੀ ਜਾਵੇਗੀ। ਕਾਰਡਧਾਰਕ ਨੂੰ ਪਿੰਨ ਜਾਂ ਕੋਡ ਨੂੰ ਕਿਸੇ ਵੀ ਅਜਿਹੇ ਰੂਪ ਵਿੱਚ ਦਰਜ ਨਹੀਂ ਕਰਨਾ ਚਾਹੀਦਾ ਹੈ ਜੋ ਕਿ ਕਿਸੇ ਹੋਰ ਵਿਅਕਤੀ ਲਈ ਕਿਸੇ ਵੀ ਤਰਾਂ ਨਾਲ ਪਹੁੰਚਯੋਗ ਹੋਵੇ। ਕਾਰਡਧਾਰਕ ਆਪਣੇ ਪਿੰਨ ਦੇ ਪ੍ਰਗਟੀਕਰਨ ਅਤੇ/ਜਾਂ ਡੈਬਿਟ ਕਾਰਡ ਦੇ ਅਣ-ਅਧਿਕਾਰਤ ਉਪਯੋਗ ਤੋਂ ਉਤਪੰਨ ਹੋਣ ਵਾਲੇ ਨਤੀਜਿਆਂ ਲਈ ਪੂਰੀ ਤਰਾਂ ਨਾਲ ਜ਼ਿੰਮੇਵਾਰ ਹੋਵੇਗਾ ਅਤੇ ਪਿੰਨ ਅਤੇ ਡੈਬਿਟ ਕਾਰਡ ਦੇ ਅਣ-ਅਧਿਕਾਰਤ ਉਪਯੋਗ ਕਾਰਨ ਹੋਣ ਵਾਲੀ ਕਿਸੇ ਵੀ ਵਧੀ ਹੋਈ ਦੇਣਦਾਰੀ ਲਈ ਉੱਤਰਦਾਈ ਹੋਵੇਗਾ। ਕਾਰਡ ਧਾਰਕ ਡੈਬਿਟ ਕਾਰਡ ਦੇ ਕਿਸੇ ਵੀ ਅਣ-ਅਧਿਕਾਰਤ ਉਪਯੋਗ ਅਤੇ ਅਜਿਹੇ ਦੁਰ-ਉਪਯੋਗ ਦੇ ਨਤੀਜੇ ਵਜੋਂ ਹੋਣ ਵਾਲੀ ਕਿਸੇ ਵੀ ਸਿੱਧੀ ਜਾਂ ਅਸਿੱਧੀ ਹਾਨੀ ਜਾਂ ਨੁਕਸਾਨ ਲਈ ਬੈਂਕ ਦੀ ਦੇਣਦਾਰੀ ਤੋਂ ਇਨਕਾਰ ਕਰਦਾ ਹੈ।

7. ਏਟੀਐਮ ਵਿੱਚ ਕਾਰਡ ਦਾ ਉਪਯੋਗ ਕਰਨ ਵਿੱਚ ਸਮਰੱਥ ਹੋਣ ਲਈ ਮੇਰੇ ਦੁਆਰਾ/ਮੈਨੂੰ ਇਕ ਨਿੱਜੀ

ਪਛਾਣ ਸੰਖਿਆ (ਪਿੰਨ) ਜਨਰੇਟ/ਜਾਰੀ ਕੀਤੀ ਜਾਵੇਗੀ। ਪਿੰਨ ਗਰੀਨ ਪਿੰਨ ਸਹੂਲਤ ਦਾ ਉਪਯੋਗ ਕਰਦੇ ਹੋਏ (ਅਰਥਾਤ ਕਾਰਡ/ਕੁਝ ਨਿੱਜੀ ਪਛਾਣ ਵੇਰਵਾ ਅਤੇ ਇਕ ਵਿਸ਼ੇਸ਼ ਓਟੀਪੀ/ਏਯੂ ਸਮਾਲ ਫਾਈਨੈਂਸ ਬੈਂਕ ਏਟੀਐਮ/ਆਈਵੀਆਰ ਫੋਨ ਬੈਂਕਿੰਗ/ਐਸਐਮਐਸ-ਜਿਵੇਂ ਲਾਗੂ ਹੋਵੇ, ਪਿੰਨ ਜਨਰੇਟ ਕਰਨ ਲਈ) ਜਨਰੇਟ ਕੀਤਾ ਜਾਵੇਗਾ ਜਾਂ ਫਿਰ ਰਜਿਸਟਰਡ ਸੰਚਾਰ ਪਤੇ 'ਤੇ ਮੈਨੂੰ (ਅਪੀਲ 'ਤੇ) ਮੇਲ ਕੀਤਾ ਜਾਵੇਗਾ।

8. ਨਵੀਂ ਨਿੱਜੀ ਪਛਾਣ ਸੰਖਿਆ ਦੀ ਚੋਣ ਅਤੇ/ਜਾਂ ਡੈਬਿਟ ਕਾਰਡ ਦੀ ਤਬਦੀਲੀ ਨੂੰ ਨਵੇਂ ਕਰਾਰ ਦੀ ਸ਼ੁਰੂਆਤ ਨਹੀਂ ਮੰਨਿਆ ਜਾਵੇਗਾ।

9. ਡੈਬਿਟ ਕਾਰਡ ਨੂੰ ਸੁਰੱਖਿਅਤ ਰੱਖਣ ਲਈ ਕਾਰਡ ਧਾਰਕ ਜ਼ਿੰਮੇਵਾਰ ਹੋਵੇਗਾ। ਡੈਬਿਟ ਕਾਰਡ ਗੁਆਚ ਜਾਣ/ਚੋਰੀ ਹੋ ਜਾਣ/ਕਾਰਡ ਮੈਂਬਰਸ਼ਿਪ ਸਮਾਪਤ ਹੋ ਜਾਣ/ਰੱਦ ਹੋ ਜਾਣ/ਬੰਦ ਹੋ ਜਾਣ/ਸਮਰਪਣ ਹੋ ਜਾਣ ਦੀ ਸਥਿਤੀ ਵਿੱਚ, ਕਾਰਡ ਧਾਰਕ ਬੈਂਕ ਦੀ ਕਿਸੇ ਵੀ ਸ਼ਾਖਾ/ਸੰਪਰਕ ਕੇਂਦਰ/ਤਰਜੀਹੀ ਰੂਪ ਵਿੱਚ ਡੈਬਿਟ ਕਾਰਡ ਜਾਰੀ ਕਰਨ ਵਾਲੀ ਸ਼ਾਖਾ ਨੂੰ ਜਿੰਨੀ ਛੇਤੀ ਹੋ ਸਕੇ ਲਿਖਿਤ ਰੂਪ ਵਿੱਚ ਜਾਂ ਫਿਰ ਫੋਨ 'ਤੇ ਡੈਬਿਟ ਕਾਰਡ ਦੇ ਗੁਆਚ ਜਾਣ ਦੀ ਸੂਚਨਾ ਦੇਵੇਗਾ ਚਾਹੇ ਉਹ ਕਿਸੇ ਵੀ ਕਿਸਮ ਨਾਲ ਹੋਈ ਹੋਵੇ।

ਆਪਣੇ ਏਯੂ ਡੈਬਿਟ ਕਾਰਡ ਦੇ ਗੁਆਚਣ/ਚੋਰੀ ਹੋਣ, ਅਣਅਧਿਕਾਰਤ ਉਪਯੋਗ ਜਾਂ ਬੰਦ/ਸਮਰਪਣ ਦੀ ਰਿਪੋਰਟ ਕਰਨ ਵਾਸਤੇ 1800 1200 1200 'ਤੇ ਕਾਲ ਕਰੋ ਜਾਂ ਫਿਰ customer.care@aubank.in ਜਾਂ AU0101 ਮੋਬਾਈਲ ਐਪ ਵਿੱਚ ਲੌਗ ਇਨ ਕਰੋ ਅਤੇ "ਡੈਬਿਟ ਕਾਰਡ" 'ਤੇ ਜਾਓ ਜਾਂ ਨੈੱਟ ਬੈਂਕਿੰਗ ਦਾ ਉਪਯੋਗ ਕਰਦੇ ਹੋਏ "ਡੈਬਿਟ ਕਾਰਡ" 'ਤੇ ਜਾਓ। ਗਾਹਕ ਅਣ-ਅਧਿਕਾਰਤ ਲੈਣ-ਦੇਣ ਦੀ ਰਿਪੋਰਟ ਕਰਨ ਦੇ ਸਾਰੇ ਚੈਨਲ/ਤਰੀਕੇ ਦੇਖਣ ਲਈ ਨਿਮਨਲਿਖਤ ਲਿੰਕ 'ਤੇ ਵੀ ਜਾ ਸਕਦੇ ਹਨ: https://www.aubank.in/report-unauthorised-transactions

ਕਾਰਡ ਦੇ ਗੁਆਚਣ/ਚੋਰੀ ਹੋਣ/ਦੁਰ-ਉਪਯੋਗ ਹੋਣ ਦੀ ਸਥਿਤੀ ਵਿੱਚ ਬੈਂਕ ਆਪਣੀ ਵੈਬਸਾਈਟ 'ਤੇ ਅੱਪਡੇਟ ਕੀਤੀ ਗਈ 'ਗਾਹਕ ਮੁਆਵਜ਼ਾ ਨੀਤੀ' ਤੋਂ ਨਿਰਦੇਸ਼ਿਤ ਹੋਵੇਗਾ, ਜਿਸ ਨੂੰ ਕਿ ਸਮੇਂ-ਸਮੇਂ 'ਤੇ ਅੱਪਡੇਟ ਕੀਤੇ ਗਏ ਆਰਬੀਆਈ ਦੇ ਗਾਹਕ ਸੁਰੱਖਿਆ-ਅਣ-ਅਧਿਕਾਰਤ ਇਲੈਕਟਰੋਨਿਕ ਬੈਂਕਿੰਗ ਲੈਣ-ਦੇਣ ਵਿੱਚ ਗਾਹਕਾਂ ਦੀ ਦੇਣਦਾਰੀ ਸੀਮਤ ਕਰਨ ਸਬੰਧੀ ਸਰਕੂਲਰ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਹੈ) (ਆਰਬੀਆਈ ਸਰਕੂਲਰ - ref. DBR.No.Leg.BC.78/09.07.2005/2017-18 ਤਾਰੀਖ 6 ਜੁਲਾਈ,2017)

10. ਕਾਰਡ ਧਾਰਕ ਸਾਰੇ ਹਾਲਾਤ ਵਿੱਚ ਆਪਣੇ ਡੈਬਿਟ ਕਾਰਡ ਦੇ ਉਪਯੋਗ ਨਾਲ ਸੰਸਾਧਿਤ ਸਾਰੇ ਲੈਣ-ਦੇਣ ਦੀ ਪੂਰੀ ਜ਼ਿੰਮੇਦਾਰੀ ਸਵੀਕਾਰ ਕਰੇਗਾ, ਚਾਹੇ ਉਹ ਕਾਰਡਧਾਰਕ ਦੀ ਜਾਣਕਾਰੀ ਜਾਂ ਅਥਾਰਿਟੀ ਨਾਲ ਸੰਸਾਧਿਤ ਹੋਇਆ ਹੋਵੇ ਜਾਂ ਨਾ ਅਤੇ ਚਾਹੇ ਉਹ ਸਪੱਸ਼ਟ ਰੂਪ ਵਿੱਚ ਹੋਵੇ ਜਾਂ ਨਹੀਂ। ਏਟੀਐਮ ਦੇ ਸੰਚਾਲਨ ਦੇ ਸਮੇਂ ਤਿਆਰ ਕੀਤਾ ਗਿਆ ਮੁਦਰਿਤ ਆਊਟਪੁੱਟ ਏਟੀਐਮ ਦੇ ਸੰਚਾਲਨ ਦਾ ਇਕ ਰਿਕਾਰਡ ਹੈ ਅਤੇ ਇਸ ਨੂੰ ਬੈਂਕ ਦੇ ਰਿਕਾਰਡ ਦੇ ਰੂਪ ਵਿੱਚ ਨਹੀਂ ਮੰਨਿਆ ਜਾਵੇਗਾ। ਬੈਂਕ ਦੇ ਲੈਣ-ਦੇਣ ਦੇ ਰਿਕਾਰਡ ਨੂੰ ਸਾਰੇ ਉਦੇਸ਼ਾਂ ਲਈ ਫੈਸਲਾਕੁੰਨ ਅਤੇ ਬੰਧਨਕਾਰੀ ਮੰਨਿਆ ਜਾਵੇਗਾ। ਭੁਗਤਾਨ ਪ੍ਰਣਾਲੀ ਵਿੱਚ ਤਕਨੀਕੀ ਖਰਾਬੀ ਦੇ ਕਾਰਨ ਹੋਣ ਵਾਲੇ ਕਿਸੇ ਵੀ ਨੁਕਸਾਨ ਲਈ ਬੈਂਕ ਉੱਤਰਦਾਈ ਨਹੀਂ ਹੋਵੇਗਾ, ਜੇਕਰ ਸਿਸਟਮ ਦੀ ਖਰਾਬੀ ਕਾਰਡ ਧਾਰਕ ਲਈ ਡਿਵਾਈਸ ਦੇ ਡਿਸਪਲੇਅ 'ਤੇ ਸੰਦੇਸ਼ ਦੁਆਰਾ ਪਛਾਣਨਯੋਗ ਸੀ ਜਾਂ ਗਿਆਤ ਸੀ। ਲੈਣ-ਦੇਣ ਦੇ ਗੈਰ-ਸੰਚਾਲਨ ਜਾਂ ਦੋਸ਼ਪੂਰਨ ਸੰਚਾਲਨ ਲਈ ਬੈਂਕ ਦੀ ਜ਼ਿੰਮੇਦਾਰੀ ਮੂਲ ਰਾਸ਼ੀ ਅਤੇ ਵਿਆਜ ਦੀ ਹਾਨੀ ਤੱਕ ਸੀਮਤ ਹੈ ਜੋ ਕਿ ਨਿਯਮਾਂ ਨੂੰ ਕੰਟਰੋਲ ਕਰਨ ਵਾਲੇ ਕਾਨੂੰਨ ਦੀਆਂ ਤਜ਼ਵੀਜ਼ਾਂ ਦੇ ਅਧੀਨ ਹੈ।

11. ਹੋਰ ਬੈਂਕ ਨਕਦ ਨਿਕਾਸੀ ਲਈ ਆਪਣੇ ਏਟੀਐਮ ਦਾ ਉਪਯੋਗ ਕਰਨ 'ਤੇ ਸੇਵਾ ਸ਼ੁਲਕ ਲੈ ਸਕਦੇ

ਹਨ ਜਿਸ ਦਾ ਭੁਗਤਾਨ ਖਾਤਾ ਧਾਰਕ/ਕਾਰਡ ਧਾਰਕ ਦੁਆਰਾ ਕੀਤਾ ਜਾਵੇਗਾ।

12. ਭਾਰਤ ਦੇ ਬਾਹਰੋਂ ਏਟੀਐਮ ਵਿੱਚੋਂ ਕੱਢੀ ਗਈ ਨਕਦੀ/ਕਾਰਡ ਨਾਲ ਕਿਸੇ ਵਿਦੇਸ਼ੀ ਵਪਾਰੀ ਦੇ ਇੱਥੇ ਕੀਤਾ ਗਿਆ ਲੈਣ-ਦੇਣ ਉਸ ਸੰਸਥਾ ਦੀ ਅਨੁਮਤ ਮੁਦਰਾ ਹੋਵੇਗੀ ਜਿਸ ਕੋਲ ਕਿ ਉਹ ਏਟੀਐਮ/ਪੀਓਐਸ/ਪੀਜੀ ਹੈ ਜਿੱਥੋਂ ਨਿਕਾਸੀ/ਲੈਣ-ਦੇਣ ਕੀਤੇ ਜਾਂਦੇ ਹਨ। ਗਾਹਕ ਦੇ ਖਾਤੇ ਵਿੱਚ ਜਿਸ ਮੁਦਰਾ ਵਿੱਚ ਖਾਤ ਹੈ, ਉਸ ਦੀ ਸਮਤੁੱਲ ਰਾਸ਼ੀ, ਪ੍ਰਕਿਰਿਆ ਸ਼ੁਲਕ, ਰੂਪਾਂਤਰਨ ਸ਼ੁਲਕ, ਸ਼ੁਲਕ (ਜੇਕਰ ਕੋਈ ਹੋਵੇ), ਅਜਿਹੇ ਲੈਣ-ਦੇਣ ਲਈ ਏਯੂ ਸਮਾਲ ਫਾਈਨੈਂਸ ਬੈਂਕ ਵਿੱਚ ਸਥਿਤ ਖਾਤੇ ਤੋਂ ਡੈਬਿਟ ਕੀਤੀ ਜਾਵੇਗੀ।

13. ਭਾਰਤ ਦੇ ਬਾਹਰ ਕਾਰਡ ਦਾ ਉਪਯੋਗ ਵਿਦੇਸ਼ੀ ਮੁਦਰਾ ਪ੍ਰਬੰਧਨ ਐਕਟ, 1999 ਦੇ ਅਨੁਸਾਰ ਸਖਤੀ ਨਾਲ ਕੀਤਾ ਜਾਵੇਗਾ।

14. ਜੇਕਰ ਬੈਂਕ ਡੈਬਿਟ ਕਾਰਡ ਸਹੂਲਤ ਰੱਦ/ਵਾਪਸ ਲੈਣ ਦਾ ਫੈਸਲਾ ਲੈਂਦਾ ਹੈ, ਤਾਂ ਬੈਂਕ ਕਾਰਡ ਧਾਰਕ ਨੂੰ 30 ਦਿਨ ਪਹਿਲਾਂ ਸੂਚਨਾ ਦੇਵੇਗਾ।

15. ਤੁਹਾਨੂੰ ਜਾਰੀ ਕੀਤਾ ਗਿਆ ਡੈਬਿਟ ਕਾਰਡ ਡਿਫਾਲਟ ਰੂਪ ਵਿੱਚ ਸਿਰਫ ਘਰੇਲੂ ਏਟੀਐਮ ਅਤੇ ਪੁਆਇੰਟ ਔਫ ਸੇਲ (ਪੀਓਐਸ) ਲੈਣ-ਦੇਣ ਲਈ ਹੀ ਸਮਰੱਥ ਹੋਵੇਗਾ। ਸਾਰੇ ਅੰਤਰਰਾਸ਼ਟਰੀ ਲੈਣ-ਦੇਣ, ਔਨਲਾਈਨ/ਈ-ਕਾਮਰਸ ਲੈਣ-ਦੇਣ ਅਤੇ ਸੰਪਰਕ ਰਹਿਤ ਲੈਣ-ਦੇਣ ਡੈਬਿਟ ਕਾਰਡ 'ਤੇ ਡਿਫਾਲਟ ਰੂਪ ਵਿੱਚ ਅਸਮਰੱਥ ਹੁੰਦੇ ਹਨ। ਡੈਬਿਟ ਕਾਰਡ 'ਤੇ ਲੈਣ-ਦੇਣ ਨੂੰ ਏਯੂ ਬੈਂਕ ਦੀ ਵੈਬਸਾਈਟ, ਆਈਵੀਆਰ, ਆਊਰੋ ਚੈਟ ਬੋਟ, 0101 ਐਪ ਅਤੇ ਨੈਟ ਬੈਂਕਿੰਗ ਦੇ ਮਾਧਿਅਮ ਨਾਲ ਸਮਰੱਥ ਜਾਂ ਅਸਮਰੱਥ ਕੀਤਾ ਜਾ ਸਕਦਾ ਹੈ।

16. ਗਾਹਕ ਸ਼ਿਕਾਇਤ ਨਿਵਾਰਨ ਨੀਤੀ

ਬੈਂਕ ਨੇ ਸ਼ਿਕਾਇਤਾਂ ਦੇ ਨਿਵਾਰਨ ਲਈ ਇਕ ਅੰਦਰੂਨੀ ਨੀਤੀ ਸਥਾਪਿਤ ਕੀਤੀ ਹੈ, ਜਿਸ ਨੂੰ ਕਿ ਹੇਠਾਂ ਦਿੱਤੇ ਗਏ ਲਿੰਕ 'ਤੇ ਕਲਿੱਕ ਕਰ ਕੇ ਦੇਖਿਆ ਜਾ ਸਕਦਾ ਹੈ:

https://www.aubank.in/Notice-Slider-1-9-customer-grievance-redressal-policy.pdf

**ਹੋਰ ਵੇਰਵੇ:**

- **ਗਾਹਕ ਦੇਖਭਾਲ:** 1800 12001200
- **ਸਮਰਪਿਤ ਈਮੇਲ ਆਈਡੀ:**customercare@aubank.in

## ਫਿਕਸਿਡ ਡਿਪਾਜ਼ਿਟ

1. ਬੈਂਕ ਦੁਆਰਾ ਇਕ ਫਿਕਸਡ ਡਿਪਾਜ਼ਿਟ ਸੂਚਨਾ ਜਾਰੀ ਕੀਤੀ ਜਾਵੇਗੀ ਜਿਸ ਵਿੱਚ ਕਿ ਜਾਰੀ ਕਰਨ ਦੀ ਤਾਰੀਖ, ਜਮਾਂ ਮਿਆਦ, ਦੇਣਦਾਰੀ ਦੀ ਤਾਰੀਖ, ਲਾਗੂ ਵਿਆਜ ਦਰ ਆਦਿ ਵਰਗੇ ਪੂਰਨ ਵੇਰਵੇ ਦਰਸਾਏ ਜਾਣਗੇ।

2. ਦਿੱਤੀਆਂ ਗਈਆਂ ਵਿਆਜ ਦਰਾਂ ਸਾਲਾਨਾ ਹਨ ਅਤੇ ਵਿਆਜ ਦੀ ਗਣਨਾ ਲਈ ਇਕ ਸਾਲ ਵਿੱਚ ਲਏ ਗਏ ਅਸਲੀ ਦਿਨਾਂ ਦੀ ਸੰਖਿਆ (ਅਰਥਾਤ ਲੀਪ ਸਾਲ ਵਿੱਚ 366 ਦਿਨ ਅਤੇ ਗੈਰ-ਲੀਪ ਸਾਲ ਵਿੱਚ 365 ਦਿਨ) ਹੈ। ਲਾਗੂ ਵਿਆਜ ਦਰਾਂ ਬੈਂਕ ਦੀ ਵੈਬਸਾਈਟ www.aubank.in ਅਤੇ

ਸ਼ਾਖਾਵਾਂ 'ਤੇ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ।

3. ਗਾਹਕ ਇਸ ਨਾਲ ਸਹਿਮਤ ਹੈ ਕਿ ਫਿਕਸਡ ਡਿਪਾਜ਼ਿਟ ਦੀ ਪ੍ਰਪੱਕਤਾ 'ਤੇ, ਪ੍ਰਪੱਕਤਾ ਨਿਰਦੇਸ਼ਾਂ ਦੀ ਘਾਟ ਵਿੱਚ ਬੈਂਕ ਖੁਦ ਹੀ ਨਵੀਨੀਕਰਨ ਦੇ ਸਮੇਂ ਲਾਗੂ ਸਮਾਨ ਮਿਆਦ ਲਈ ਜਮਾਂ ਰਾਸ਼ੀ ਦਾ ਨਵੀਨੀਕਰਨ ਕਰ ਦੇਵੇਗਾ।

4. ਮੈਂ ਇਸ ਨਾਲ ਸਹਿਮਤ ਹਾਂ ਕਿ ਮੇਰੇ ਨਿਰਦੇਸ਼ਾਂ ਜਾਂ ਸਾਂਝੇ ਜਮਾਂਕਰਤਾਵਾਂ ਦੇ ਨਿਰਦੇਸ਼ਾਂ ਦੇ ਆਧਾਰ 'ਤੇ ਮੇਰੀ ਫਿਕਸਡ ਡਿਪਾਜ਼ਿਟ ਰਾਸ਼ੀ ਦੀ ਸਮੇਂ ਤੋਂ ਪਹਿਲਾਂ ਨਿਕਾਸੀ ਦੀ ਸਥਿਤੀ ਵਿੱਚ, ਬੈਂਕ ਨੂੰ ਬੈਂਕ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਪ੍ਰਚਲਿਤ ਨਿਯਮਾਂ ਦੇ ਅਨੁਸਾਰ ਫਿਕਸਡ ਡਿਪਾਜ਼ਿਟ ਰਾਸ਼ੀ ਤੋਂ ਪਹਿਲਾਂ ਚੁਕਾਏ ਗਏ ਵਿਆਜ ਜਾਂ ਜੇਕਰ ਕੋਈ ਹੋਵੇ, ਜੁਰਮਾਨਾ ਵਸੂਲਣ ਦਾ ਅਧਿਕਾਰ ਹੈ।

5. ਗੈਰ-ਕਾਲ ਕਰਨ ਯੋਗ ਫਿਕਸਡ ਡਿਪਾਜ਼ਿਟ ਅਤੇ ਕਰ ਬੱਚਤ ਫਿਕਸਡ ਡਿਪਾਜ਼ਿਟ ਨੂੰ ਉਸ ਦੀ ਪ੍ਰਚਲਿਤ ਮਿਆਦ ਤੋਂ ਪਹਿਲਾਂ ਬੰਦ ਨਹੀਂ ਕੀਤਾ ਜਾ ਸਕਦਾ।

6. ਮੈਂ ਜਮਾਂ ਰਾਸ਼ੀ ਦੇ ਉੱਤਰਜੀਵੀ ਖੰਡ ਦੇ ਨਿਰਦੇਸ਼ਾਂ ਦੇ ਅਨੁਸਾਰ "ਦੋਨਾਂ ਵਿੱਚੋਂ ਕੋਈ ਇਕ ਜਾਂ ਉੱਤਰਜੀਵੀ", "ਕੋਈ ਵੀ ਜਾਂ ਉੱਤਰਜੀਵੀ" ਜਾਂ "ਪੂਰਵ ਜਾਂ ਉੱਤਰਜੀਵੀ" ਵਰਗੇ ਸੰਚਾਲਨ ਨਿਰਦੇਸ਼ਾਂ ਵਾਲੀ ਫਿਕਸਡ/ਮਿਆਦੀ ਜਮਾਂ ਦੀ ਸਮੇਂ ਤੋਂ ਪਹਿਲਾਂ ਚੁਕੌਤੀ ਦੀ ਅਨੁਮਤੀ ਦੇਣਾ ਚਾਹੁੰਦਾ/ਚਾਹੁੰਦੀ ਹਾਂ। (ਕਿਰਪਾ ਕਰ ਕੇ ਧਿਆਨ ਦਿਓ ਕਿ ਇਹ ਖੰਡ ਸਿਰਫ ਤਾਂ ਹੀ ਮਾਨਤਾ ਹਾਸਲ ਹੈ ਜੇਕਰ ਸਾਰੇ ਸਾਂਝੇ ਖਾਤਾ ਧਾਰਕ ਖਾਤਾ ਖੋਲਣ ਦਾ ਸਹਿਮਤੀ ਦਿੰਦੇ ਹਨ)

7. ਸਾਂਝੇ ਜਮਾਂ/ਮਿਆਦੀ ਜਮਾਂ ਦੇ ਮਾਮਲੇ ਵਿੱਚ ਜਿਹਨਾਂ ਦੇ ਕਿ ਸੰਚਾਲਨ ਨਿਰਦੇਸ਼ "ਦੋਨਾਂ ਵਿੱਚੋਂ ਕੋਈ ਇਕ ਜਾਂ ਉੱਤਰਜੀਵੀ", "ਕੋਈ ਵੀ ਜਾਂ ਉੱਤਰਜੀਵੀ" ਜਾਂ "ਪੂਰਵ ਜਾਂ ਉੱਤਰਜੀਵੀ"ਹਨ, ਬੈਂਕ ਜਮਾਂ/ਜਮਾਵਾਂ ਦੀ ਪ੍ਰਪੱਕਤਾ ਤੋਂ ਪਹਿਲਾਂ ਜਮਾਂ ਰਾਸ਼ੀ ਦਾ ਭੁਗਤਾਨ ਕਰੇਗਾ, ਜੇਕਰ ਸਬੰਧਿਤ ਜਮਾਂ ਰਾਸ਼ੀਆਂ ਦੇ ਉੱਤਰਜੀਵੀ ਖੰਡ ਦੇ ਨਿਰਦੇਸ਼ਾਂ ਦੇ ਅਨੁਸਾਰ ਅਜਿਹੀ ਅਪੀਲ ਹਾਸਲ ਹੁੰਦੀ ਹੈ, ਨਾਲ ਹੀ ਬੈਂਕ ਦੁਆਰਾ ਸਮੇਂ-ਸਮੇਂ 'ਤੇ ਉਲੇਖਿਤ ਪ੍ਰਸੰਗਿਕ ਦਸਤਾਵੇਜ਼ਾਂ ਦੇ ਨਾਲ ਹੁੰਦੀ ਹੈ। ਜਮਾਂ ਰਾਸ਼ੀ ਦੀ ਪ੍ਰਪੱਕਤਾ ਤੋਂ ਪਹਿਲਾਂ ਕਿਸੇ ਵੀ ਸਾਂਝੇ ਜਮਾਂਕਰਤਾ ਦੀ ਮੌਤ ਦੀ ਸਥਿਤੀ ਵਿੱਚ ਵੀ ਇਹੀ ਲਾਗੂ ਹੋਵੇਗਾ। ਪ੍ਰਪੱਕਤਾ ਤੋਂ ਪਹਿਲਾਂ ਅਜਿਹਾ ਕੋਈ ਵੀ ਪੁਨਰ-ਭੁਗਤਾਨ ਸਾਰੇ ਸਬੰਧੀਆਂ ਪ੍ਰਤੀ ਬੈਂਕ ਦੀਆਂ ਜ਼ਿੰਮੇਵਾਰੀਆਂ ਦਾ ਵੈਧ ਸੰਚਾਲਨ ਮੰਨਿਆ ਜਾਵੇਗਾ ਜਿਸ ਵਿੱਚ ਕਿ ਜਮਾਂਕਰਤਾਵਾਂ ਦੇ ਨਾਮਜ਼ਦ ਵਿਅਕਤੀ/ਕਾਨੂੰਨੀ ਉੱਤਰਾਧਿਕਾਰੀ ਜਾਂ ਉਹਨਾਂ ਦੇ ਤਹਿਤ ਦਾਅਵਾ ਕਰਨ ਵਾਲਾ ਕੋਈ ਵੀ ਵਿਅਕਤੀ ਸ਼ਾਮਲ ਹੈ ਪਰ ਇਹ ਇਹਨਾਂ ਤੱਕ ਹੀ ਸੀਮਤ ਨਹੀਂ ਹੈ।

8. ਮੈਂ ਇਹ ਵੀ ਸਮਝਦਾ/ਸਮਝਦੀ ਹਾਂ ਕਿ ਫਿਕਸਡ ਡਿਪਾਜ਼ਿਟ ਦੀ ਸਮੇਂ ਤੋਂ ਪਹਿਲਾਂ ਨਿਕਾਸੀ ਬੈਂਕ ਦੀਆਂ ਨੀਤੀਆਂ ਦੇ ਅਨੁਸਾਰ ਦੰਡਾਤਮਕ ਦਰਾਂ ਦੇ ਅਧੀਨ ਹੈ। ਹਾਲਾਂਕਿ, ਸਾਡੇ ਵਿੱਚੋਂ ਕਿਸੇ ਇਕ (ਸਾਂਝੇ ਧਾਰਕ) ਦੀ ਮੌਤ ਹੋਣ 'ਤੇ ਸਮੇਂ ਤੋਂ ਪਹਿਲਾਂ ਨਿਕਾਸੀ 'ਤੇ ਅਜਿਹਾ ਦੰਡ ਨਹੀਂ ਲਗਾਇਆ ਜਾਣਾ ਚਾਹੀਦਾ ਹੈ।

9. ਬੈਂਕ ਦੇ ਮਿਆਦੀ/ਸਥਿਰ ਜਮਾਂ ਖਾਤਿਆਂ ਦੇ ਨਿਯਮਾਂ ਅਤੇ ਸ਼ਰਤਾਂ ਦੇ ਅਨੁਸਾਰ ਅਜਿਹੀ ਜਮਾਂ ਰਾਸ਼ੀ ਦੀ ਮੂਲ ਮਿਆਦ ਪੂਰੀ ਹੋਣ ਤੋਂ ਪਹਿਲਾਂ ਮਿਆਦੀ/ਸਥਿਰ ਜਮਾਂ ਬੰਦ ਹੋਣ ਦੀ ਸਥਿਤੀ ਵਿੱਚ, ਖੁਦਰਾ ਜਮਾਂ ਦੀ ਸਮੇਂ ਤੋਂ ਪਹਿਲਾਂ ਨਿਕਾਸੀ 'ਤੇ ਲਾਗੂ ਵਿਆਜ ਨਿਮਨਲਿਖਤ ਵਿੱਚੋਂ ਘੱਟ ਹੋਵੇਗੀ:

(i). ਉਸ ਮੂਲ/ਕਰਾਰਯੋਗ ਮਿਆਦ ਲਈ ਆਧਾਰ ਦਰ ਜਿਸ ਦੇ ਲਈ ਕਿ ਫਿਕਸਡ ਡਿਪਾਜ਼ਿਟ ਬੁੱਕ ਕੀਤਾ ਗਿਆ ਹੈ ਜਾਂ

(ii). ਉਸ ਮਿਆਦ ਲਈ ਲਾਗੂ ਆਧਾਰ ਦਰ ਜਿਸ ਦੇ ਲਈ ਕਿ ਬੈਂਕ ਵਿੱਚ ਫਿਕਸਡ ਡਿਪਾਜ਼ਿਟ

ਜਮਾਂ ਹੈ।

ਅਧਾਰ ਦਰ ਜਮਾਂ ਬੁਕਿੰਗ ਦੀ ਤਾਰੀਖ 'ਤੇ ਖੁਦਰਾ ਫਿਕਸਡ ਡਿਪਾਜ਼ਿਟ 'ਤੇ ਲਾਗੂ ਦਰ ਹੈ। ਸਵੀਪ-ਇਨ ਸਮੇਤ ਫਿਕਸਡ ਡਿਪਾਜ਼ਿਟ ਦੇ ਸਮੇਂ ਤੋਂ ਪਹਿਲਾਂ ਬੰਦ/ਨਿਕਾਸੀ ਅਤੇ/ਜਾਂ ਅੰਸ਼ਿਕ ਰੂਪ ਵਿੱਚ ਬੰਦ/ਨਿਕਾਸੀ 'ਤੇ ਜੁਰਮਾਨਾ 1% ਹੈ।

10. ਜੇਕਰ ਜਮਾਂ ਰਾਸ਼ੀ ਦੀ ਸਮੇਂ ਤੋਂ ਪਹਿਲਾਂ ਨਿਕਾਸੀ ਨਿਊਨਤਮ 7 ਦਿਨਾਂ ਦੀ ਮਿਆਦ ਪੂਰੀ ਹੋਣ ਤੋਂ ਪਹਿਲਾਂ ਕੀਤੀ ਜਾਂਦੀ ਹੈ, ਤਾਂ ਕੋਈ ਵਿਆਜ ਦੇਣਯੋਗ ਨਹੀਂ ਹੋਵੇਗਾ। ਰਿਜ਼ਰਵ ਬੈਂਕ ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਬੈਂਕ ਨੂੰ ਪਹਿਲਾਂ ਤੋਂ ਚੁਕਾਏ ਗਏ ਵਿਆਜ ਜਾਂ ਜੇਕਰ ਕੋਈ ਜੁਰਮਾਨਾ ਹੋਵੇ, ਉਸ ਨੂੰ ਵਸੂਲਣ ਦਾ ਅਧਿਕਾਰ ਹੋਵੇਗਾ। 1 ਕਰੋੜ 1 ਹਜ਼ਾਰ ਰੁਪਏ ਮੁੱਲ ਦੀ ਗੈਰ-ਕਾਲ ਯੋਗ ਜਮਾਂ ਰਾਸ਼ੀਆਂ ਜਿਹਨਾਂ ਵਿੱਚ ਕਿ ਨਿੱਜੀ ਅਤੇ ਹਿੰਦੂ ਅਵਿਭਾਜਿਤ ਪਰਿਵਾਰ (ਐਚਯੂਐਫ) ਦੀਆਂ ਜਮਾਂ ਰਾਸ਼ੀਆਂ ਸ਼ਾਮਲ ਹਨ, ਜਮਾਂ ਕਰਤਾ ਦੁਆਰਾ ਮਿਆਦ ਸਮਾਪਤੀ ਤੋਂ ਪਹਿਲਾਂ ਬੰਦ ਨਹੀਂ ਕੀਤੀਆਂ ਜਾ ਸਕਦੀਆਂ ਹਨ। ਹਾਲਾਂਕਿ, ਬੈਂਕ ਕੁਝ ਆਸਾਧਾਰਨ ਹਾਲਾਤ ਵਿੱਚ ਕਿਸੇ ਵਿਧਾਨਿਕ ਅਤੇ/ਜਾਂ ਨਿਆਮਕ ਬਾਡੀ ਜਾਂ ਮ੍ਰਿਤਕ ਦਾਅਵਾ ਨਿਪਟਾਨ ਮਾਮਲਿਆਂ ਤੋਂ ਨਿਰਦੇਸ਼ ਮਿਲਣ 'ਤੇ ਇਹਨਾਂ ਜਮਾਂ ਰਾਸ਼ੀਆਂ ਦੀ ਸਮੇਂ ਤੋਂ ਪਹਿਲਾਂ ਨਿਕਾਸੀ ਦੀ ਅਨੁਮਤੀ ਦੇ ਸਕਦਾ ਹੈ।

11. ਘਰੇਲੂ ਅਤੇ ਐਨਆਰਓ ਜਮਾਂ ਰਾਸ਼ੀਆਂ ਦੇ ਮਾਮਲੇ ਵਿੱਚ ਜੇਕਰ ਜਮਾਂ ਰਾਸ਼ੀ ਬੁਕਿੰਗ ਦੀ ਤਾਰੀਖ ਤੋਂ 7 ਦਿਨਾਂ ਦੇ ਅੰਦਰ ਸਮੇਂ ਤੋਂ ਪਹਿਲਾਂ ਕੱਢੀ ਜਾਂਦੀ ਹੈ, ਤਾਂ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ। ਐਨਆਰਈ/ਐਫਸੀਐਨਆਰ(ਬੀ)/ ਆਰਐਫਸੀ ਜਮਾਂ ਰਾਸ਼ੀਆਂ ਦੇ ਮਾਮਲੇ ਵਿੱਚ ਜੇਕਰ ਉਕਤ ਜਮਾਂ ਰਾਸ਼ੀ ਜਮਾਂ ਰਾਸ਼ੀ ਦੀ ਤਾਰੀਖ ਤੋਂ 1 ਸਾਲ ਪੂਰਾ ਹੋਣ ਤੋਂ ਪਹਿਲਾਂ ਸਮੇਂ ਤੋਂ ਪਹਿਲਾਂ ਕੱਢੀ ਜਾਂਦੀ ਹੈ, ਤਾਂ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ।

12. ਮਿਆਦੀ ਜਮਾਂ 'ਤੇ ਵਿਆਜ ਤਿਮਾਹੀ ਅੰਤਰਾਲ 'ਤੇ ਜਦੋ ਤੱ ਕਿ ਪਾਰਸਪਰਿਕ ਰੂਪ ਵਿੱਚ ਸਹਿਮਤੀ ਨਾ ਹੋਵੇ, ਸਵੀਕਾਰ ਕੀਤੇ ਜਾਣ ਦੇ ਸਮੇਂ ਲਾਗੂ ਦਰਾਂ 'ਤੇ ਜਿਵੇਂ ਵੀ ਮਾਮਲਾ ਹੋਵੇ ਜਾਂ ਫਿਰ ਜਦੋਂ ਤੱਕ ਕਿ ਗਾਹਕ ਅਤੇ ਬੈਂਕ ਵਿਚਾਲੇ ਭਾਰਤੀ ਰਿਜ਼ਰਵ ਬੈਂਕ ਦੇ ਨਿਰਦੇਸ਼ਾਂ ਦੇ ਅਨੁਸਾਰ ਪਾਰਸਪਰਿਕ ਰੂਪ ਵਿੱਚ ਸਹਿਮਤੀ ਨਾ ਹੋਵੇ, ਦੇਣਯੋਗ ਹੋਵੇਗਾ।

13. ਜਮਾਂ ਰਾਸ਼ੀ 'ਤੇ ਵਿਆਜ ਜਾਂ ਤਾਂ ਤਿਮਾਹੀ ਰੂਪ ਵਿੱਚ ਦੇਣਯੋਗ ਹੋਵੇਗਾ ਜਾਂ ਫਿਰ ਤਿਮਾਹੀ ਰੂਪ ਵਿੱਚ ਕੰਪਾਊਂਡਡ (ਅਰਥਾਤ ਵਿਆਜ ਦਾ ਪੁਨਰ-ਨਿਵੇਸ਼) ਜਾਂ ਫਿਰ ਜਮਾਂਕਰਤਾ ਦੇ ਵਿਕਲਪ ਦੇ ਅਨੁਸਾਰ ਛੋਟ ਵਾਲੀ ਵਿਆਜ ਦਰ 'ਤੇ ਮਹੀਨਾਵਾਰੀ ਰੂਪ ਵਿੱਚ ਦੇਣਯੋਗ ਹੋਵੇਗਾ ਜਿਵੇਂਕਿ ਜਮਾਂ ਦੀ ਬੁਕਿੰਗ ਦੇ ਸਮੇਂ ਚੁਣਿਆ ਗਿਆ ਹੋਵੇ 6 ਮਹੀਨੇ ਅਤੇ ਉਸ ਤੋਂ ਵੱਧ ਦੀ ਸਥਿਰ ਜਮਾਂ ਮਿਆਦ ਲਈ ਵਿਆਜ ਸਿਰਫ ਪ੍ਰਪੱਕਤਾ 'ਤੇ ਹੀ ਦੇਣਯੋਗ ਹੁੰਦਾ ਹੈ।

14. ਜੇਕਰ ਕਿਸੇ ਵਿਅਕਤੀ ਦੁਆਰਾ ਧਾਰਿਤ ਸਾਰੇ ਮਿਆਦੀ ਜਮਾਵਾਂ 'ਤੇ ਭੁਗਤਾਨ/ਦੇਣਯੋਗ ਕੁੱਲ ਵਿਆਜ ਆਮਦਨ ਕਰ ਐਕਟ ਦੇ ਤਹਿਤ ਉਲੇਖਿਤ ਰਾਸ਼ੀ ਤੋਂ ਵੱਧ ਹੈ, ਤਾਂ ਬੈਂਕ ਦੀ ਸਰੋਤ 'ਤੇ ਕਰ ਕਟੌਤੀ ਕਰਨ ਦੀ ਵਿਧਾਨਕ ਜ਼ਿੰਮੇਵਾਰੀ ਹੈ। ਬੈਂਕ ਕੱਟੇ ਗਏ ਕਰ ਦੀ ਰਾਸ਼ੀ ਲਈ ਇਕ ਕਰ ਕਟੌਤੀ ਸੈਰਟੀਫਿਕਟ (ਟੀਡੀਐਸ ਸੈਰਟੀਫਿਕੇਟ) ਜਾਰੀ ਕਰੇਗਾ। ਜੇਕਰ ਜਮਾਂਕਰਤਾ ਟੀਡੀਐਸ ਤੋਂ ਛੋਟ ਦਾ ਹੱਕਦਾਰ ਹੈ, ਤਾਂ ਉਹ ਨਿਰਧਾਰਿਤ ਫਾਰਮੈਟ (ਫਾਰਮ 15ਜੀ/ਫਾਰਮ 15ਐਚ/ਛੋਟ ਸੈਰਟੀਫਿਕੇਟ) ਵਿੱਚ ਐਲਾਨ ਪੇਸ਼ ਕਰ ਸਕਦਾ ਹੈ। ਵਿੱਤੀ ਸਾਲ ਦੀ ਸ਼ੁਰੂਆਤ ਵਿੱਚ ਸਾਰੇ ਮੌਜੂਦਾ ਐਫਡੀ/ਆਰਡੀ ਲਈ ਇਕ ਨਵਾਂ ਫਾਰਮ 15ਜੀ/15ਐਚ ਪੇਸ਼ ਕੀਤਾ ਜਾਣਾ ਚਾਹੀਦਾ ਹੈ ਅਤੇ ਜਦੋਂ ਵੀ ਕੋਈ ਨਵੀਂ ਐਫਡੀ (ਇਸ ਦੇ ਮਾਧਿਅਮ ਨਾਲ ਬਣਾਈ ਗਈ ਐਫਡੀ ਸਮੇਤ)/ਆਰਡੀ ਬੁੱਕ ਕੀਤੀ ਜਾਂਦੀ ਹੈ, ਤਾਂ ਅਜਿਹਾ ਨਾ ਕਰਨ 'ਤੇ ਬੈਂਕ ਲਾਗੂ ਕਰਾਂ ਵਿੱਚ ਕਟੌਤੀ ਕਰਨ ਵਾਸਤੇ ਅੱਗੇ ਵਧੇਗਾ।

15. ਜੇਕਰ ਆਮਦਨ ਕਰ ਐਕਟ 1961 ਦੀ ਧਾਰਾ 194ਏ ਦੀ ਵਿਧਾਨਿਕ ਲੋੜ ਦੇ ਅਨੁਸਾਰ ਕਟੌਤੀ ਕੀਤੀ ਜਾਣ ਵਾਲੀ ਕਰ ਰਾਸ਼ੀ ("ਟੀਡੀਐਸ") ਕਟੋਤੀ ਲਈ ਉਪਲੱਬਧ ਵਿਆਜ ਦੀ ਰਾਸ਼ੀ ਤੋਂ ਵੱਧ ਹੈ (ਉਦਾਹਰਨ ਲਈ, ਜਿਸ ਤਾਰੀਖ ਨੂੰ ਗਾਹਕ ਦੀ ਕੁੱਲ ਵਿਆਜ ਰਾਸ਼ੀ ਆਮਦਨ ਕਰ ਐਕਟ, 1961 ਦੀ ਧਾਰਾ 194ਏ ਵਿੱਚ ਉਲੇਖਿਤ ਸੀਮਾ ਤੋਂ ਵੱਧ ਹੋ ਜਾਂਦੀ ਹੈ, ਤਾਂ ਰੋਕੀ ਜਾਣ ਵਾਲੀ ਟੀਡੀਐਸ ਰਾਸ਼ੀ ਉਸ ਤਾਰੀਖ ਨੂੰ ਭੁਗਤਾਨ/ਕੰਪਾਊਂਡਡ ਵਿਆਜ ਰਾਸ਼ੀ ਤੋਂ ਘੱਟ ਹੋ ਸਕਦੀ ਹੈ), ਤਾਂ ਬੈਂਕ ਬਗੈਰ ਕਿਸੇ ਪੂਰਵ ਸੂਚਨਾ ਜਾਂ ਮੰਗ ਦੇ ਸਰਕਾਰੀ ਖਜਾਨੇ ਵਿੱਚ ਜਮਾਂ ਕਰਨ ਵਾਸਤੇ ਗਾਹਕ ਦੇ ਬੈਂਕ ਵਿੱਚ ਕਿਸੇ ਹੋਰ ਖਾਤੇ ਤੋਂ ਅਤੇ/ਜਾਂ ਮਿਆਦੀ ਜਮਾਂ ਦੀ ਮੂਲ ਰਾਸ਼ੀ ਤੋਂ ਟੀਡੀਐਸ ਕੱਟਣ ਦਾ ਹੱਕਦਾਰ ਹੈ ਅਤੇ ਇਸ ਵਾਸਤੇ ਬੈਂਕ ਗਾਹਕ ਦੇ ਕਿਸੇ ਵੀ ਮਿਆਦੀ ਜਮਾਂ ਨੂੰ ਸਮੇਂ ਤੋਂ ਪਹਿਲਾਂ ਤੋੜਣ ਦਾ ਵੀ ਹੱਕਦਾਰ ਹੈ। ਇਸ ਤਰਾਂ ਦੇ ਸਮੇਂ ਤੋਂ ਪਹਿਲਾਂ ਨਕਦੀਕਰਨ ਨਾਲ ਹੋਣ ਵਾਲੀ ਹਾਨੀ ਲਈ ਬੈਂਕ ਦੀ ਕੋਈ ਜ਼ਿੰਮੇਦਾਰੀ ਨਹੀਂ ਹੋਵੇਗੀ।

16. ਆਮਦਨ ਐਕਟ ਦੇ ਸਾਰੇ ਬਦਾਲਾਵ/ਨਿਯਮ ਲਾਗੂ ਹੋਣਗੇ।

17. ਭਾਰਤੀ ਰਿਜ਼ਰਵ ਬੈਂਕ ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਐਫਸੀਐਨਆਰ(ਬੀ) ਅਤੇ ਆਰਐਫਸੀ ਜਮਾਂ ਰਾਸ਼ੀਆਂ 'ਤੇ ਵਿਆਜ ਦੀ ਗਣਨਾ ਛਿਮਾਹੀ ਆਧਾਰ 'ਤੇ ਕੀਤੀ ਜਾਂਦੀ ਹੈ। ਪੁਨਰ-ਨਿਵੇਸ਼ ਜਮਾਂ 'ਤੇ ਵਿਆਜ ਹਰੇਕ ਛੇ ਮਹੀਨਿਆਂ ਵਿੱਚ ਸੰਯੋਜਿਤ ਹੁੰਦਾ ਹੈ। (ਛਿਮਾਹੀ/ਛੇ ਮਹੀਨੇ ਨੂੰ 180 ਦਿਨਾਂ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ)

## ਆਵਰਤੀ ਜਮਾਂ

1. ਆਵਰਤੀ ਜਮਾਵਾਂ 'ਤੇ ਵਿਆਜ ਦੀ ਗਣਨਾ ਬੈਂਕ ਦੁਆਰਾ ਭਾਰਤੀ ਬੈਂਕ ਸੰਘ ਦੁਆਰਾ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਕੀਤੀ ਜਾਵੇਗੀ।

2. ਆਵਰਤੀ ਜਮਾਵਾਂ 'ਤੇ ਵਿਆਜ ਦਰਾਂ ਉਸ ਮਿਆਦ ਲਈ ਲਾਗੂ ਫਿਕਸਡ ਡਿਪਾਜ਼ਿਟ ਦਰਾਂ ਦੇ ਅਨੁਰੂਪ ਹੋਣਗੀਆਂ।

3. ਆਵਰਤੀ ਜਮਾਂ 'ਤੇ ਵਿਆਜ ਦਾ ਭੁਗਤਾਨ ਸਿਰਫ ਪ੍ਰਪੱਕਤਾ 'ਤੇ ਹੁੰਦਾ ਹੈ।

4. ਜੇਕਰ ਜਮਾਂ ਇਕ ਮਹੀਨੇ ਦੇ ਅੰਦਰ ਬੰਦ ਹੋ ਜਾਂਦਾ ਹੈ, ਤਾਂ ਸਮੇਂ ਤੋਂ ਪਹਿਲਾਂ ਨਿਕਾਸੀ 'ਤੇ ਕੋਈ ਜੁਰਮਾਨਾ ਨਹੀਂ ਲਗਾਇਆ ਜਾਵੇਗਾ।

5. ਜਮਾਂ ਨੂੰ ਸਮੇਂ ਤੋਂ ਪਹਿਲਾਂ ਬੰਦ ਕਰਨ 'ਤੇ ਲਾਗੂ ਵਿਆਜ ਦਰ, ਉਸ ਮਿਆਦ ਲਈ ਲਾਗੂ ਆਧਾਰ ਦਰ ਹੋਵੇਗੀ ਜਿਸ ਲਈ ਕਿ ਜਮਾਂ ਬੈਂਕ ਵਿੱਚ ਪ੍ਰਭਾਵੀ ਰਿਹਾ ਹੈ। ਆਧਾਰ ਦਰ, ਜਮਾਂ ਬੁਕਿੰਗ ਦੀ ਤਾਰੀਖ 'ਤੇ ਜਮਾਂ 'ਤੇ ਲਾਗੂ ਦਰ ਹੈ। ਆਵਰਤੀ ਜਮਾ ਨੂੰ ਸਮੇਂ ਤੋਂ ਪਹਿਲਾਂ ਬੰਦ ਕਰਨ 'ਤੇ ਜੁਰਮਾਨਾ ਬੈਂਕ ਦੁਆਰਾ 1% ਦੀ ਦਰ ਨਾਲ ਨਿਰਧਾਰਿਤ ਕੀਤਾ ਗਿਆ ਹੈ।

6. ਜੇਕਰ ਗਾਹਕ ਕਿਸੇ ਵਿਸ਼ੇਸ਼ ਕਿਸ਼ਤ ਦਾ ਭੁਗਤਾਨ ਸਮੇਂ 'ਤੇ ਨਹੀਂ ਕਰਦਾ ਹੈ ਅਤੇ ਇਸ ਦਾ ਭੁਗਤਾਨ ਅਗਲੇ ਮਹੀਨੇ ਵਿੱਚ ਕਰਦਾ ਹੈ, ਤਾਂ ਅਜਿਹੀ ਕਿਸ਼ਤ 'ਤੇ www.aubank.in ਵੈਬਸਾਈਟ 'ਤੇ ਨਿਰਧਾਰਿਤ ਚੂਕ ਮਿਆਦ ਲਈ ਜੁਰਮਾਨਾ ਲਗਾਇਆ ਜਾ ਸਕਦਾ ਹੈ।

7. ਜੇਕਰ ਮਹੀਨਾਵਾਰੀ ਕਿਸ਼ਤਾਂ ਵਿੱਚ ਵਾਰ-ਵਾਰ ਚੂਕ (ਭੁਗਤਾਨ ਨਾ ਕਰਨਾ) ਦੇਖੀ ਜਾਂਦੀ ਹੈ ਅਤੇ ਤਿੰਨ ਕਿਸ਼ਤਾਂ ਬਕਾਇਆ ਹੋ ਜਾਂਦੀਆਂ ਹਨ, ਤਾਂ ਬੈਂਕ ਆਰਡੀ ਖਾਤਾ ਬੰਦ ਕਰਨ ਦਾ ਅਧਿਕਾਰ ਸੁਰੱਖਿਅਤ ਰੱਖਦਾ ਹੈ। ਅਜਿਹੇ ਬੰਦ ਖਾਤਿਆਂ 'ਤੇ ਲਾਗੂ ਵਿਆਜ ਦਰ ਬੈਂਕ ਦੀ ਸਮੇਂ ਤੋਂ ਪਹਿਲਾਂ ਨਿਕਾਸੀ ਨੀਤੀ ਦੇ ਅਨੁਸਾਰ ਹੋਵੇਗੀ।

## ਸ਼ਿਕਾਇਤ ਨਿਵਾਰਨ

ਜੇਕਰ ਤੁਹਾਨੂੰ ਬੈਂਕ ਦੇ ਕਿਸੇ ਵੀ ਉਤਪਾਦ/ਸੇਵਾ ਦੀਆਂ ਵਿਸ਼ੇਸ਼ਤਾਵਾਂ ਨਾਲ ਸਬੰਧਿਤ ਕੋਈ ਸ਼ਿਕਾਇਤ ਹੈ, ਜਿਹਨਾਂ ਦਾ ਕਿ ਤੁਸੀਂ ਉਪਯੋਗ ਕਰ ਰਹੇ ਹੋ, ਤਾਂ ਤੁਸੀਂ ਬੈਂਕ ਦੀ ਸ਼ਿਕਾਇਤ ਨਿਵਾਰਨ ਨੀਤੀ ਦੇਖ ਸਕਦੇ ਹੋ ਜੋ ਕਿ ਉਸ ਦੀ ਵੈਬਸਾਈਟ/ਸ਼ਾਖਾਵਾਂ 'ਤੇ ਪ੍ਰਦਰਸ਼ਿਤ ਕੀਤੀ ਜਾਵੇਗੀ।

## ਹਾਨੀਪੂਰਤੀ

ਮੈਂ ਆਪਣੇ ਵੱਲੋਂ ਅਤੇ/ਜਾਂ ਕਿਸੇ ਤੀਸਰੇ ਪੱਖ ਵੱਲੋਂ ਲਾਪਰਵਾਹੀ, ਧੋਖਾਧੜੀ, ਮਿਲੀਭੁਗਤ ਜਾਂ ਫਿਰ ਇੱਥੇ ਦਿੱਤੀਆਂ ਗਈਆਂ ਸ਼ਰਤਾਂ ਦੀ ਉਲੰਘਣਾ ਤੋਂ ਉਤਪੰਨ ਹੋਣ ਵਾਲੀਆਂ ਸਾਰੀਆਂ ਦੇਣਦਾਰੀਆਂ, ਹਾਨੀਆਂ, ਦਾਅਵਿਆ ਅਤੇ ਨੁਕਸਾਨਾਂ ਤੋਂ ਬੈਂਕ ਨੂੰ ਮੁਕਤ ਅਤੇ ਹਾਨੀਰਹਿਤ ਰੱਖਾਂਗਾ/ਰੱਖਾਂਗੀ, ਬਸ਼ਰਤੇ ਬੈਂਕ ਵੱਲੋਂ ਕੋਈ ਘੋਰ ਲਾਪਰਵਾਹੀ ਨਾ ਹੋਵੇ।

## ਸਾਧਾਰਨ

ਏਯੂ ਸਮਾਲ ਫਾਈਨੈਂਸ ਬੈਂਕ ਲਿਮਟਿਡ ਨਾਲ ਤੁਹਾਡੇ ਸਾਰੇ ਮੌਜੂਦਾ ਸਬੰਧਾਂ (ਜੇਕਰ ਕੋਈ ਹੋਣ) ਵਿੱਚ ਤੁਹਾਡੇ ਨਿੱਜੀ ਵੇਰਵੇ/ਸੈਰਟੀਫਿਕੇਟ ਨਵੀਨਤਮ ਖਾਤਾ ਖੋਲਣ ਦੇ ਫਾਰਮ ਵਿੱਚ ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ ਅੱਪਡੇਟ ਕੀਤੇ ਜਾਂਦੇ ਹਨ।

## ਸ਼ਾਸਕੀ ਕਾਨੂੰਨ

ਸਾਰੇ ਦਾਅਵੇ, ਮਾਮਲੇ ਅਤੇ ਵਿਵਾਦ ਸਿਰਫ ਜੈਪੁਰ ਦੀਆਂ ਸਮਰੱਥ ਅਦਾਲਤਾਂ ਦੇ ਵਿਸ਼ੇਸ਼ ਅਧਿਕਾਰ ਖੇਤਰ ਅਧੀਨ ਹਨ। ਇਹ ਨਿਯਮ ਅਤੇ ਸ਼ਰਤਾਂ ਅਤੇ/ਜਾਂ ਬੈਂਕ ਬੈਂਕ ਦੁਆਰਾ ਬਣਾਏ ਗਏ ਗਾਹਕ ਦੇ ਖਾਤਿਆਂ ਦਾ ਸੰਚਾਲਨ ਅਤੇ/ਜਾਂ ਬੈਂਕ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦਾ ਉਪਯੋਗ ਭਾਰਤੀ ਗਣਰਾਜ ਦੇ ਕਾਨੂੰਨਾਂ ਦੁਆਰਾ ਕੰਟਰੋਲ ਹੋਵੇਗਾ, ਕਿਸੇ ਹੋਰ ਦੇਸ਼ ਦੁਆਰਾ ਨਹੀਂ। ਗਾਹਕ ਅਤੇ ਬੈਂਕ ਇਹਨਾਂ ਨਿਯਮਾਂ ਅਤੇ ਸ਼ਰਤਾਂ ਦੇ ਤਹਿਤ ਉਤਪੰਨ ਹੋਣ ਵਾਲੇ ਕਿਸੇ ਵੀ ਦਾਅਵੇ ਜਾਂ ਮਾਮਲੇ ਦੇ ਸਬੰਧ ਵਿੱਚ ਜੈਪੁਰ, ਭਾਰਤ ਸਥਿਤ ਅਦਾਲਤਾਂ ਦੇ ਵਿਸ਼ੇਸ਼ ਅਧਿਕਾਰ ਖੇਤਰ ਵਿੱਚ ਪੇਸ਼ ਹੋਣ ਲਈ ਸਹਿਮਤ ਹਨ। ਬੈਂਕ ਭਾਰਤ ਗਣਰਾਜ ਤੋਂ ਇਲਾਵਾ ਕਿਸੇ ਵੀ ਹੋਰ ਦੇਸ਼ ਦੇ ਕਾਨੂੰਨਾਂ ਦੀ ਪਾਲਣਾ ਨਾ ਕਰਨ ਲਈ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕੋਈ ਜ਼ਿੰਮੇਵਾਰੀ ਸਵੀਕਾਰ ਨਹੀਂ ਕਰਦਾ ਹੈ।

---